


# ਲੰਗੂਰ ਹੱਥ ਅੰਗੂਰ

ਪ੍ਰੀਤ ਸਿੰਘ ਭੈਣੀ

www.PunjabiLibrary.com

## ਲੰਗੂਰ ਹੱਥ ਅੰਗੂਰ

2007 ਦੀ ਗੱਲ ਹੈ ਸ਼ਾਇਦ। ਮੈਨੂੰ ਪੱਕਾ ਤਾਂ ਯਾਦ ਨਹੀਂ। ਹਾਂ ਮਾਰਚ ਦਾ ਮਹੀਨਾ ਸੀ ਤੇ ਹੋਲੀਆਂ ਦੇ ਦਿਨ ਸਨ। ਅਨੰਦਪੁਰ ਸਾਹਿਬ ਦੇ ਮੇਲੇ ਜਾਣ ਲਈ ਸਾਡੇ ਪਿੰਡ ਤੋਂ ਮੇਰੇ ਯਾਰ ਗੁਰਿੰਦਰ ਕਲੇਰ ਕਾ ਟਰੱਕ ਚੱਲਿਆ ਸੀ। ਪਿੰਡ ਦੇ ਬਹੁਤੇ ਲੋਕ ਮੇਲੇ ਚੱਲੇ ਸਨ। ਜਿੰਨਾ 'ਚੋਂ ਮੈਂ ਵੀ ਸੀ। ਮੈਂ ਪਹਿਲੀ ਵਾਰ ਅਨੰਦਪੁਰ ਸਾਹਿਬ ਚੱਲਿਆ ਸੀ। ਬਹੁਤ ਖੁਸ਼ ਸੀ ਮੈਂ, ਮੇਰੇ ਨਾਲ ਮੇਰੀ ਹੀ ਹਮ ਉਮਰ ਦੇ ਕਈ ਸਾਥੀ ਸਨ। ਸ਼ਾਮੀ ਚਾਰ ਕੁ ਵਜੇ ਦੇ ਕਰੀਬ ਟਰੱਕ ਚੱਲਿਆ ਤੇ ਰਾਤ ਸਾਢੇ ਕੁ ਅੱਠ ਵਜੇ ਤੱਕ ਅਨੰਦਪੁਰ ਸਾਹਿਬ ਪਹੁੰਚ ਗਏ। ਦੋ-ਤਿੰਨ ਦਿਨ ਬਹੁਤ ਨਜ਼ਾਰੇ ਲਏ। ਦਰਸ਼ਨ ਕੀਤੇ, ਵੰਨ-ਸੁਵੰਨੇ ਲੰਗਰ ਛਕੇ ਤੇ ਖੂਬ ਘੁੰਮੇ ਫਿਰੇ। ਉਮਰ ਕੁਝ ਖਾਸ ਨਹੀਂ ਸੀ। ਅੱਠਵੀਂ ਜਮਾਤ ਵਿੱਚ ਪੜਦਾ ਸੀ ਮੈਂ। ਇੱਕ ਦਿਨ ਆਪਣੇ ਯਾਰਾਂ ਨਾਲ ਮੇਲਾ ਘੁੰਮਦੇ ਇੱਕ ਜੋਤਸ਼ੀ ਕੋਲ ਜਾ ਅੱਪੜੇ। ਜੋ ਦਸ ਰੁਪਈਏ ਲੈ ਹੱਥ ਦੀਆਂ ਰੇਖਾਵਾਂ ਪੜਦਾ ਸੀ। ਉਦੋਂ ਕੋਈ ਬਾਹਲੀ ਸਮਝ ਨਹੀਂ ਸੀ ਇਸ ਬਾਰੇ ਇਸ ਲਈ ਭਵਿੱਖ ਜਾਣਨ ਦੀ ਚਾਹਤ ਜਰੂਰ ਹੋਈ। ਮੈਂ ਕੁਝ ਬਹੁਤਾ ਤਾਂ ਨਹੀਂ ਸੀ ਪੁੱਛਣਾ ਚਾਹੁੰਦਾ। ਬਸ ਇੱਕ ਹੀ ਮਨ ਦੀ ਲਾਲਸਾ ਸੀ। ਕਿ ਜਿਸ ਕੁੜੀ ਨੂੰ ਮੈਂ ਪਿਆਰ ਕਰਦਾ ਹਾਂ ਕੀ ਉਹ ਵੀ ਮੈਨੂੰ ਕਰੂਗੀ। ਕੀ ਭਵਿੱਖ ਵਿੱਚ ਮੇਰੀ ਕਦੇ ਹੋਵੇਗੀ। ਮੈਂ ਜਲਦੀ ਨਾਲ ਦਸ ਰੁਪਈਏ ਕੱਢੇ ਤੇ ਜੋਤਸ਼ੀ ਨੂੰ ਫੜਾਏ। ਜੋਤਸ਼ੀ ਨੇ ਮੇਰਾ ਹੱਥ ਫੜਿਆ ਤੇ ਕੁੜੀ ਦਾ ਨਾਂ ਪੁੱਛਿਆ। ਮੈਂ ਨਾਮ ਦੱਸਿਆ "ਰਾਵੀ"।

ਉਸ ਨੇ ਬਿਨਾਂ ਸੋਚੇ ਸਮਝੇ ਹੀ ਫੱਟ ਜੁਆਬ ਦਿੱਤਾ..

ਕਹਿੰਦਾ ਕਾਕਾ "ਰ" ਨਾਂ ਦੀ ਕੋਈ ਕੁੜੀ ਤੈਨੂੰ ਪਿਆਰ ਨਹੀਂ ਕਰੂਗੀ। ਤੂੰ ਕੋਈ ਹੋਰ ਭਾਲ। ਇਹ ਨੀ ਤੇਰੇ ਕਰਮਾਂ 'ਚ।

ਹੁਣ ਤਾਂ ਇਸ ਗੱਲ ਤੇ ਹਾਸਾ ਆਉਂਦਾ ਹੈ ਪਰ ਉਸ ਵਕਤ ਬਿਲਕੁਲ ਨਹੀਂ ਸੀ ਆਇਆ। ਉਸਨੇ ਪਲ ਵਿੱਚ ਹੀ ਮੇਰਾ ਦਿਲ ਤੋੜ ਦਿੱਤਾ। ਜਿਸ ਤਰ੍ਹਾਂ ਦਾ ਉਸ ਨੇ ਮੂੰਹ ਬਣਾ ਕੇ ਏਦਾਂ ਕਿਹਾ, ਬੰਦੇ ਦੇ ਸਾਹ ਪ੍ਰਾਣ ਕੁਝ ਸੁਣੇ ਬਿਨਾਂ ਹੀ ਸੁੱਕ ਜਾਣ। ਮੇਰਾ ਹੋਰ ਕੁਝ ਪੁੱਛਣ ਦਾ ਹੋਂਸਲਾ ਨਹੀਂ ਸੀ ਪੈ ਰਿਹਾ ਪਰ ਮੈਂ ਫਿਰ ਵੀ ਪੁੱਛਿਆ..

ਫਿਰ ਕਿਸ ਅੱਖਰ ਨਾਂ ਦੀ ਕੁੜੀ ਮੈਨੂੰ ਪਿਆਰ ਕਰੂ?

ਉਸਨੇ ਫਿਰ ਤੋਂ ਮੇਰਾ ਹੱਥ ਫੜਿਆ ਤੇ ਕਿਹਾ ਕਿ "ਮ" ਅੱਖਰ ਵਾਲੀ ਕੁੜੀ ਆ ਤੇਰੇ ਕਰਮਾਂ 'ਚ। ਇਹ ਸੁਣ ਮੈਂ ਖੁਸ਼ ਤਾਂ ਨਹੀਂ ਹੋਇਆ ਪਰ ਆਸ ਜਰੂਰ ਬਣ ਗਈ ਕਿ ਚੱਲ ਕੋਈ ਤਾਂ ਪਿਆਰ ਕਰੂ। ਕੁਆਰੇ ਤਾਂ ਨੀ ਮਰਦੇ। ਫਿਰ ਵਾਰੀ-ਵਾਰੀ ਮੇਰੇ ਯਾਰਾਂ ਨੇ ਹੱਥ ਦਿਖਾਏ। ਵੱਖੋ-ਵੱਖਰੇ ਸੁਆਲ ਕੀਤੇ। ਤੇ ਜੋਤਸ਼ੀ ਨੇ ਸਭ ਕੋਲੋਂ ਦਸ-ਦਸ ਰੁਪਏ ਲੈ ਜੁਆਬ ਦਿੱਤੇ। ਫਿਰ ਅਸੀਂ ਮੇਲਾ ਘੁੰਮਿਆ। ਖਰੀਦਦਾਰੀ ਕੀਤੀ ਤੇ ਹੋਲੇ-ਮੁਹੱਲੇ ਵਾਲੇ ਦਿਨ ਹੋਰ ਇਤਿਹਾਸਿਕ ਗੁਰਦੁਆਰਿਆਂ ਦੇ ਦਰਸ਼ਨ ਕਰਦੇ ਘਰ ਪਰਤ ਆਏ।

ਉਸ ਜੋਤਸ਼ੀ ਦੀ ਗੱਲ ਨੇ ਮੇਰੇ ਤੇ ਡੂੰਘਾ ਅਸਰ ਪਾਇਆ। ਮੈਂ ਪਿਆਰ ਭਾਵੇਂ ਰਾਵੀ ਨੂੰ ਕਰਦਾ ਸੀ। ਪਰ ਮਨ ਵਿੱਚ ਇਹ ਵਹਿਮ ਬੈਠ ਗਿਆ ਸੀ ਕਿ ਇਹ ਮੇਰੀ ਨਹੀਂ ਹੋਵੇਗੀ। ਪਰ ਮੈਂ ਜੋਤਸ਼ੀ ਨੂੰ ਗ਼ਲਤ ਸਾਬਿਤ ਕਰਨ ਲਈ

ਰਾਵੀ ਤੋਂ ਖੁਦ ਨੂੰ ਦੂਰ ਨਾ ਕੀਤਾ। ਮੈਂ ਸਾਰਾ-ਸਾਰਾ ਦਿਨ ਉਸਨੂੰ ਦੇਖਦੇ ਰਹਿਣਾ। ਜਿਸ ਰੰਗ ਦਾ ਉਸਨੇ ਸੂਟ ਪਾਉਣਾ, ਓਸੇ ਰੰਗ ਵਿੱਚ ਖੁਦ ਨੂੰ ਢਾਲਣ ਦੀ ਕੋਸ਼ਿਸ਼ ਕਰਨੀ। ਭਾਵੇਂ ਉਹ ਰੰਗ ਮੇਰੇ ਕਾਲੇ ਰੰਗ ਤੇ ਜਮਾਂ ਵੀ ਨੀ ਸੀ ਜੱਚਦਾ ਪਰ ਫਿਰ ਵੀ ਮੈਂ ਓਹੀ ਰੰਗ ਪਾਉਣਾ। ਖ਼ੂਬਸੂਰਤ ਬਹੁਤ ਸੀ ਉਹ। ਗਿੱਟੇ ਭਾਵੇਂ ਉਹ ਘੱਟ ਕੂਚਦੀ ਸੀ ਪਰ ਮੂੰਹ ਨੂੰ ਸਵਾਰ-ਬਣਾ ਕੇ ਰੱਖਦੀ ਸੀ। ਬਹੁਤਾ ਨਹੀਂ ਬਸ ਸਾਦਾ ਜਿਹਾ। ਮੇਰਾ ਖਿਆਲ ਹੈ ਕਿ 2005 ਜਾਂ 2006 ਤੋਂ ਮੈਂ ਉਸ ਨੂੰ ਆਪਣਾ ਮੰਨ ਲਿਆ ਸੀ। ਇੱਕ ਵਾਰ ਮੈਂ ਪ੍ਰੇਮ ਪੱਤਰ ਲਿਖਿਆ। ਮੈਨੂੰ ਕੀ ਪਤਾ ਸੀ ਕੀ ਲਿਖਣਾ ਚਾਹੀਦਾ ਪ੍ਰੇਮ ਪੱਤਰ 'ਚ। ਮੇਰੇ ਜੋ ਮਨ ਆਇਆ ਮੈਂ ਲਿਖ ਤਾ। ਪਰ ਉਸ ਨੂੰ ਦੇਣ ਦੀ ਹਿੰਮਤ ਨਾ ਹੋਈ। ਡਰ ਲੱਗਦਾ ਹੁੰਦਾ ਸੀ। ਸਕੂਲ ਵਕਤ ਲਿਖਿਆ ਸੀ ਪ੍ਰੇਮ ਪੱਤਰ। ਤੇ ਜੇਬ ਵਿੱਚ ਪਾ ਲਿਆ। ਫਿਰ ਜਦੋਂ ਛੁੱਟੀ ਹੋਈ ਤੇ ਯਾਦ ਹੀ ਨਾ ਰਿਹਾ ਕਿ ਮੇਰੀ ਜੇਬ ਵਿੱਚ ਕੀ ਸੀ। ਘਰ ਆ ਵਰਦੀ ਲਾਹ ਧੋਣ ਨੂੰ ਰੱਖ ਦਿੱਤੀ। ਜਦੋਂ ਮੇਰੇ ਮਾਤਾ ਜੀ ਲੀੜੇ ਧੋਣ ਲੱਗੇ ਤਾਂ ਉਹਨਾਂ ਮੇਰੀ ਜੇਬ 'ਚੋਂ ਪ੍ਰੇਮ ਪੱਤਰ ਕੱਢ ਲਿਆ। ਉਹਨਾਂ ਪੜਿਆ ਤੇ ਫਿਰ ਮੇਰੇ ਪਿਤਾ ਜੀ ਸਮੇਤ ਸਾਰੇ ਟੱਬਰ ਨੂੰ ਵੀ ਪੜਾਇਆ। ਮੈਨੂੰ ਬੇਇੱਜ਼ਤੀ ਤਾਂ ਮਹਿਸੂਸ ਹੋਈ ਹੀ ਪਰ। ਛਿੱਤਰ ਪਰੇਡ ਵੀ ਬਹੁਤ ਹੋਈ। ਮੈਂ ਅੱਜ ਵੀ ਉਸ ਪਲ ਨੂੰ ਯਾਦ ਕਰ ਖੁਸ਼ ਹੁੰਦਾ ਹਾਂ। ਛਿੱਤਰ ਪੈਣ ਪਿੱਛੋਂ ਮੈਂ ਟਲਣ ਵਾਲਾ ਕਿੱਥੇ ਸੀ। ਦੋ ਦਿਨਾਂ ਪਿੱਛੋਂ ਫਿਰ ਪ੍ਰੇਮ ਪੱਤਰ ਲਿਖਿਆ ਤੇ ਰਾਵੀ ਕੇ ਘਰ ਸੁੱਟ ਦਿੱਤਾ। ਉਹ ਰਾਵੀ ਦੀ ਭੈਣ ਦੇ ਹੱਥ ਲੱਗਾ ਤੇ ਉਸਦੀ ਭੈਣ ਨੇ ਮੇਰੇ ਤਾਏ ਦੀ ਕੁੜੀ ਨੂੰ ਮੇਰੀ ਸ਼ਿਕਾਇਤ ਕੀਤੀ। ਮੇਰੀ ਫਿਰ ਤੋਂ ਘਰੇ ਛਿੱਤਰ ਪਰੇਡ ਹੋਈ। ਪਰ ਮੈਂ ਵੀ

ਉਸਦਾ ਪੱਕਾ ਆਸ਼ਿਕ ਸੀ। ਛਿੱਤਰ ਵੱਜਣ ਤੇ ਵੀ ਪਿਛਾਂਹ ਨਾ ਹਟਿਆ। ਰਾਵੀ ਜਾਣਦੀ ਸੀ ਕਿ ਮੈਂ ਉਸਨੂੰ ਕਿੰਨਾ ਪਸੰਦ ਕਰਦਾ ਹਾਂ ਪਰ ਉਸਨੇ ਕਦੇ ਮੇਰੇ ਵੱਲ ਧਿਆਨ ਨਹੀਂ ਸੀ ਦਿੱਤਾ। 12 ਫਰਵਰੀ 2011 ਨੂੰ ਮੈਂ ਹਿੰਮਤ ਕੀਤੀ ਤੇ ਆਪਣੇ ਪਿਆਰ ਦਾ ਇਜ਼ਹਾਰ ਕੀਤਾ। ਪਰ ਉਸ ਨੇ ਬਿਨਾਂ ਦੇਰੀ ਕੀਤੇ ਮੈਨੂੰ ਠੋਕਵਾਂ ਜੁਆਬ ਦੇ ਦਿੱਤਾ। ਪਲਾਂ ਵਿੱਚ ਹੀ ਦਿਲ ਚੂਰ-ਚੂਰ ਹੋ ਗਿਆ। ਬਹੁਤ ਦੁੱਖ ਹੋਇਆ। ਲੁਕਣ ਨੂੰ ਕਿਤੇ ਥਾਂ ਟਿਕਾਣਾ ਨਾ ਲੱਭੇ। ਕਿਸੇ ਨੂੰ ਦੱਸ ਵੀ ਨਹੀਂ ਸੀ ਸਕਦਾ। ਉਹ ਕਿਸੇ ਹੋਰ ਮੁੰਡੇ ਨੂੰ ਪਸੰਦ ਕਰਦੀ ਸੀ। ਏਨੀ ਪੀੜ ਨੂੰ ਕੱਢਣ ਲਈ ਕੁਝ ਤਾਂ ਚਾਹੀਦਾ ਸੀ ਸੋ ਮੈਂ ਲਿਖਣ ਲੱਗਾ। ਬਿਨਾਂ ਕੁਝ ਸੋਚੇ ਹੀ ਇੱਕ ਸ਼ੇਅਰ ਲਿਖ ਦਿੱਤਾ। ਇਹ ਮੇਰੀ ਜਿੰਦਗੀ ਦਾ ਪਹਿਲਾ ਸ਼ੇਅਰ ਹੈ ਜੋ ਉਸਦੇ ਇਨਕਾਰ ਪਿੱਛੋਂ ਲਿਖਿਆ ਸੀ..

**ਤੇਰੇ ਕੋਲ ਜਿੰਦਗੀ ਦੀ ਨਵੀਂ ਖੁਸ਼ੀ ਹੈ,**

**ਮੇਰੇ ਕੋਲ ਯਾਦਾਂ ਦੀ ਗਹਿਰਾਈ ਏ,**

**ਮੈਂ ਬੇੜੇ ਵਾਂਗ ਡੁੱਬਿਆ ਜਾਂਦਾ ਹਾਂ,**

**ਤੇ ਤੂੰ ਕਿਸ਼ਤੀ ਦੀ ਚਾਲ ਬਣਾਈ ਏ,**

**ਤੂੰ ਸੱਜਣ ਹੋਰ ਬਣਾ ਲਏ ਨੇ,**

**ਅਸੀਂ ਪਿਛਲੀ ਗੱਲ ਦੁਹਰਾਈ ਏ,**

**ਮੈਂ ਗਮ ਨੂੰ ਜਿੰਦਗੀ ਬਣਾ ਲਿਆ,**

**ਤੇ ਤੂੰ ਖੁਸ਼ੀਆਂ ਦੀ ਮਹਿਫਿਲ ਲਾਈ ਏ,**

**ਅਸੀਂ ਵਾਂਗ ਦਰਿਆਵਾਂ ਰੁੜ ਗਏ ਹਾਂ,**

**ਤੇ ਤੂੰ ਜਿੰਦਗੀ ਨਵੀਂ ਵਸਾਈ ਏ।**

ਉਸ ਦੇ ਨਾਂਹ ਕਰਨ ਦੇ ਬਾਵਜ਼ੂਦ ਵੀ ਮੈਂ ਉਸ ਨੂੰ ਫੋਨ ਕਰਨਾ, ਰਸਤੇ ਵਿੱਚ ਰੋਕਣਾ, ਤਰਲੇ ਕਰਨੇ, ਪ੍ਰੇਮ ਪੱਤਰ ਲਿਖਣੇ, ਸੁਨੇਹੇ ਭੇਜਣੇ। ਪਰ ਹਰ ਵਾਰ ਉਸ ਨੇ ਨਾਂਹ ਕਰ ਦੇਣੀ ਤੇ ਘਰੇ ਦੱਸਣ ਦੀ ਧਮਕੀ ਦੇਣੀ। ਮੈਂ ਫਿਰ ਵੀ ਨਾ ਟਲਣਾ। ਮੇਰੀ ਕਲਮ ਵੀ ਚੱਲਦੀ ਰਹੀ। ਮੈਂ ਉਸਨੂੰ ਯਾਦ ਕਰਕੇ ਕਦੇ ਪਿਆਰ ਦੇ, ਕਦੇ ਨਫ਼ਰਤ ਭਰੇ, ਕਦੇ ਸ਼ਿਕਵਿਆਂ ਵਾਲੇ ਸ਼ੇਅਰ ਲਿਖਣੇ। ਕਵਿਤਾਵਾਂ ਨਹੀਂ ਸੀ ਮੈਂ ਤਦ ਕਦੇ ਲਿਖੀਆਂ। ਬਸ ਨਿੱਕੇ-ਨਿੱਕੇ ਅੱਖਰ ਜੋੜ ਸ਼ੇਅਰ ਲਿਖਦਾ ਸੀ। ਲੇਖਕ ਥੋੜਾ ਸੀ ਮੈਂ। ਜਾਂ ਬਹੁ ਵੱਡਾ ਗਿਆਨੀ। ਟੁੱਟਿਆ ਆਸ਼ਿਕ ਸੀ। ਖੈਰ ਉਸਦੀ ਹਰ ਨਾਂਹ ਪਿੱਛੋਂ ਮੈਂ ਹੋਰ ਉਸ ਨਾਲ ਜੁੜਦਾ ਰਿਹਾ। ਸਮਾਂ ਬੀਤਦਾ ਗਿਆ। ਉਸਦੇ ਸੈਕੜਿਆਂ ਵਾਰ ਨਾਂਹ ਕਰਨ ਬਾਅਦ ਵੀ ਮੈਂ ਉਸਨੂੰ ਸੁਨੇਹੇ ਭੇਜਣੇ ਬੰਦ ਨਾ ਕੀਤੇ।

ਮੇਰਾ ਰੰਗ ਸਾਂਵਲਾਂ ਸੀ। ਸੱਜ-ਫੱਬ ਵੀ ਬਹੁਤੀ ਨਹੀਂ ਸੀ। ਜਿਸ ਕਾਰਨ ਮੈਨੂੰ ਲੱਗਦਾ ਸੀ ਕਿ ਉਸਨੇ ਮੇਰੇ ਪਿਆਰ ਨੂੰ ਠੁਕਰਾਇਆ। ਜਿਸ ਮੁੰਡੇ ਨੂੰ ਉਹ ਪਸੰਦ ਕਰਦੀ ਸੀ। ਉਹ ਜਵਾਨ ਤੇ ਸੋਹਣਾ ਸੀ। ਮੈਂ ਆਪਣੇ-ਆਪ 'ਚ ਕਮੀਆਂ ਕੱਢੀਆਂ ਤੇ ਰੱਬ ਨੂੰ ਕੋਸਿਆ। ਜਿਸ ਮੁੰਡੇ ਨੂੰ ਉਹ ਪਸੰਦ ਕਰਦੀ ਸੀ। 8 ਮਾਰਚ 2013 ਨੂੰ ਰਾਵੀ ਨੇ ਉਸ ਨਾਲ ਵਿਆਹ ਕਰਵਾ ਲਿਆ। ਮੇਰੇ ਦਿਲ

ਦਾ ਹਾਲ ਬਹੁਤ ਖਰਾਬ ਸੀ ਉਸ ਦਿਨ। ਇਸ ਲਈ ਮੈਂ ਉਹ ਦਿਨ ਪਿੰਡ ਨਾ ਰਿਹਾ ਤੇ ਬਾਬਾ ਬਕਾਲਾ ਸਾਹਿਬ ਗੁਰਦੁਆਰੇ ਜਾ ਸੇਵਾ ਕੀਤੀ। ਸਾਰਾ ਦਿਨ ਉੱਥੇ ਰਿਹਾ। ਸ਼ਾਮ ਨੂੰ ਘਰ ਆਇਆ। ਉਹ ਦਿਨ ਸੱਚੀ ਬੜਾ ਔਖਾ ਕੱਢਿਆ ਮੈਂ। ਪਰ ਹੁਣ ਉਹ ਵੇਲਿਆਂ ਨੂੰ ਯਾਦ ਕਰ ਖੁਦ ਤੇ ਹਾਸਾ ਆਉਂਦਾ ਹੈ ਕਿ ਕਿੰਨਾ ਸ਼ੁਦਾਈ ਹੁੰਦਾ ਸੀ ਉਸ ਵਕਤ ਮੈਂ। ਉਸ ਦਿਨ ਮੈਂ ਗੁਰੂ ਘਰ ਬੈਠਾ ਵੀ ਰਾਵੀ ਬਾਰੇ ਹੀ ਸੋਚਦੇ ਸ਼ੇਅਰ ਲਿਖਿਆ..

**ਅੱਜ ਮੇਰੀ ਜਿੰਦਗੀ ਨਿਲਾਮ ਹੋ ਗਈ,**

**ਜੋ ਵੱਸਦੀ ਸੀ ਸਾਡੇ ਸਾਹਾਂ ਵਿੱਚ,**

**ਕਿਸੇ ਹੋਰ ਦੇ ਸਾਹਾਂ ਦੀ ਗੁਲਾਮ ਹੋ ਗਈ,**

**ਜਿਸ ਲਈ ਜਿੰਦ-ਜਾਨ ਇੱਕ ਕਰ ਦਿੱਤੀ ਸੀ,**

**ਉਹ ਸਾਡੇ ਲਈ ਬੇ-ਨਾਮ ਹੋ ਗਈ,**

**ਚਾਹਿਆ ਸੀ ਜਿਸ ਨੂੰ ਸੁਪਨਿਆਂ ਦੇ ਵਾਗੂੰ,**

**ਉਹੀ ਸੁਪਨਿਆਂ ਵਾਲੀ ਪ੍ਰੀਤ ਲਈ ਆਮ ਹੋ ਗਈ।**

ਕੁਝ ਦੇਰ ਦੁੱਖ ਹੋਇਆ। ਉਸਦੀ ਯਾਦ 'ਚ ਅੱਥਰੂ ਵਹਾਏ ਤੇ ਖੂਬ ਲਿਖਿਆ। ਮੇਰਾ ਸੁਭਾਅ ਹੈ ਜੋ ਪਤਾ ਹੋਵੇ ਹੁਣ ਵੱਸ ਤੋਂ ਬਾਹਰ ਹੈ ਜਾਂ ਜੋ ਮੈਂ ਹਾਂਸਿਲ ਨਹੀਂ ਕਰ ਸਕਦਾ। ਮੈਂ ਉਸਦਾ ਖਹਿੜਾ ਛੱਡ ਅੱਗੇ ਵਧ ਜਾਂਦਾ ਹਾਂ। ਨਤੀਜਾ ਕੁਛ ਵੀ ਹੋਵੇ। ਬਹੁਤੀ ਦੇਰ ਸੋਗ ਮਨਾਉਣਾ ਜਾਂ ਤਰਲੇ ਕਰਨੇ ਮੇਰਾ

ਸੁਭਾਅ ਨਹੀਂ। ਮੈਂ ਕਾਲਜ ਦੀ ਪੜ੍ਹਾਈ ਵਿੱਚ ਵਿਅਸਤ ਹੋ ਗਿਆ। ਸਮਾਂ ਲੰਘਿਆ ਤੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਦਿਨ ਆ ਗਏ। ਮੈਨੂੰ ਬਹੁਤ ਸ਼ੌਂਕ ਸੀ ਤੜਕੇ ਉੱਠ ਪ੍ਰਭਾਤ ਫੇਰੀ ਜਾਣਾ। ਸ਼ਬਦ ਬੋਲਣੇ ਤੇ ਚਿਮਟਾ ਵਜਾਉਣਾ। ਢੋਲਕੀ ਵਜਾਉਣ ਵਿੱਚ ਜਤਿੰਦਰ ਤੇ ਸ਼ਬਦ ਬੋਲਣ ਵਿੱਚ ਨਿੰਦਰੋ ਤਾਈ ਇੱਕ ਨੰਬਰ ਤੇ ਸਨ। ਅੱਧੇ ਤੋਂ ਜਿਆਦਾ ਪਿੰਡ ਪ੍ਰਭਾਤ ਫੇਰੀ ਵਿੱਚ ਸ਼ਾਮਿਲ ਹੁੰਦਾ ਸੀ। ਉਹ ਗੱਲ ਵੱਖਰੀ ਸੀ ਕਿ ਜੱਸ ਗਾਉਣ ਵਾਲੇ ਘੱਟ ਤੇ ਖਾਣ ਪੀਣ ਦੇ ਸ਼ੌਕੀਨ ਬਹੁਤੇ ਆਉਂਦੇ ਸਨ।

ਉਸ ਦਿਨ ਦੂਸਰੀ ਪ੍ਰਭਾਤ ਫੇਰੀ ਸੀ। ਅਸੀਂ ਤੜਕੇ ਤਿੰਨ ਵਜੇ ਗੁਰਦੁਆਰੇ ਜਾ ਪਹੁੰਚੇ। ਪ੍ਰਭਾਤ ਫੇਰੀ ਦੀ ਤਿਆਰੀ ਕੀਤੀ ਤੇ ਚੱਲਣ ਲਈ ਤਿਆਰ ਹੋ ਗਏ। ਫਿਰ ਅਚਾਨਕ ਮੇਰੀ ਨਜ਼ਰ ਇੱਕ ਕੁੜੀ ਤੇ ਪਈ। ਬੇ-ਹੱਦ ਖੂਬਰਸੂਰਤ। ਸਾਡੇ ਪਿੰਡ ਤੋਂ ਨਹੀਂ ਸੀ ਉਹ। ਉਸਦੇ ਨਾਲ ਵਾਲੀ ਕੁੜੀ ਨੂੰ ਦੇਖ ਮੈਂ ਸਮਝ ਗਿਆ ਕਿ ਇਹ ਜਰੂਰ ਪ੍ਰਾਹੁਣੀ ਆਈ ਹੋਵੇਗੀ। ਉਹ ਬਹੁਤ ਹੀ ਜਿਆਦਾ ਸੋਹਣੀ ਸੀ। ਮੋਟੀਆਂ-ਮੋਟੀਆਂ ਅੱਖਾਂ ਸਨ ਉਸਦੀਆਂ। ਸਾਰੀ ਸੰਗਤ ਵਿੱਚ ਉਹ ਅਲੱਗ ਦਿਸਦੀ ਸੀ। ਇਹ ਮੇਰੇ ਵੱਸ ਤੋਂ ਬਾਹਰ ਦੀ ਗੱਲ ਲੱਗਦੀ ਸੀ। ਇਸ ਲਈ ਮੈਂ ਧਿਆਨ ਨਾ ਦਿੱਤਾ ਤੇ ਬਸ ਚਿਮਟਾ ਵਜਾਉਣ ਵਿੱਚ ਅਨੰਦ ਲੈਣ ਲੱਗਾ। ਅਕਸਰ ਬਹੁਤਿਆਂ ਨਾਲ ਚਿਮਟਿਆਂ ਨੂੰ ਮੱਲਣ ਦੀ ਖਿੱਚਾ-ਤਾਣੀ ਚੱਲਦੀ ਰਹਿੰਦੀ ਸੀ। ਮੈਂ ਕੁਝ ਖਾਸ ਤਾਂ ਨਹੀਂ ਸੀ ਵਜਾਉਂਦਾ ਪਰ ਅਨੰਦ ਜਰੂਰ ਮਾਣਦਾ ਸੀ। ਜਤਿੰਦਰ ਤਬਲੇ ਵਿੱਚ ਉਸਤਾਦ ਸੀ। ਬਹੁਤ ਸੋਹਣਾ ਵਜਾਉਂਦਾ ਸੀ। ਇਸ ਲਈ ਢੋਲਕੀ ਹਮੇਸ਼ਾ ਹੀ ਉਹ ਵਜਾਉਂਦਾ। ਕਈ ਈਰਖਾ

ਕਰ ਉਸ ਨਾਲੋਂ ਵਧੀਆ ਢੋਲਕੀ ਵਜਾਉਣ ਦੀ ਕੋਸ਼ਿਸ਼ ਕਰਦੇ ਪਰ ਉਸਦੀ ਕੋਈ ਰੀਸ ਨਹੀਂ ਸੀ ਕਰ ਸਕਦਾ। ਬਚਪਨ ਤੋਂ ਹੀ ਉਹ ਤਬਲਾ ਸਿੱਖਣ ਜਾਂਦਾ ਸੀ। ਜਦੋਂ ਉਹ ਢੋਲਕੀ ਵਜਾਉਂਦਾ ਤਾਂ ਸਾਰੇ ਹੀ ਉਸਦੇ ਤਾਲ ਵਿੱਚ ਤਾਲ ਮਿਲਾ ਸਾਜਾਂ ਨੂੰ ਵਜਾਉਣ ਲੱਗਦੇ। ਅਨੰਦ ਭਰਪੂਰ ਵਕਤ ਸੀ ਉਹ।

ਲਗਭਗ ਜਿੰਨੇ ਵੀ ਮੁੰਡੇ ਉਸ ਵਕਤ ਪ੍ਰਭਾਤ ਫੇਰੀ ਵਿੱਚ ਸ਼ਾਮਿਲ ਹੁੰਦੇ ਸਨ ਸਭ ਦਾ ਧਿਆਨ ਉਸ ਕੁੜੀ ਵੱਲ ਹੁੰਦਾ ਸੀ। ਕੀ ਕਰਦੇ ਉਹ ਸੋਹਣੀ ਹੀ ਬਹੁਤ ਜਿਆਦਾ ਸੀ। ਪਿੰਡ ਵਿੱਚ ਉਸ ਵਰਗੀ ਕੋਈ ਵੀ ਨਹੀਂ ਸੀ। ਐਸਾ ਨਹੀਂ ਸੀ ਕਿ ਮੈਂ ਨਹੀਂ ਸੀ ਦੇਖਦਾ ਉਸ ਵੱਲ। ਮੇਰੇ ਨਾਲ ਉਸਦੀਆਂ ਕਈ ਵਾਰ ਨਜ਼ਰਾਂ ਮਿਲੀਆਂ ਪਰ ਕਦੇ ਕੁਝ ਕਿਹਾ ਨਹੀਂ। ਉਹਨਾਂ ਦਿਨਾਂ ਦੌਰਾਨ ਜਿੱਥੇ ਵੀ ਮੁੰਡਿਆਂ ਦਾ ਇਕੱਠ ਹੁੰਦਾ, ਬਸ ਉਸ ਨੂੰ ਹਾਸਿਲ ਕਰਨ ਦੀਆਂ ਗੱਲਾਂ ਹੁੰਦੀਆਂ। ਮੇਰੇ ਤੋਂ ਕਈ ਵਡੇਰੀ ਉਮਰ ਦੇ ਆਪਣੇ-ਆਪ ਨੂੰ ਚੋਟੀ ਦੇ ਆਸ਼ਿਕ ਕਹਾਉਣ ਵਾਲੇ ਸਭ ਉਸਦੇ ਪਿੱਛੇ ਸਨ। ਹਰ ਸੋਹਣੇ ਨੌਜਵਾਨ ਮੁੰਡੇ ਨੇ ਉਸਨੂੰ ਯਾਰੀ ਲਾਉਣ ਲਈ ਸੁਨੇਹਾ ਭੇਜਿਆ ਸੀ। ਪਰ ਉਸ ਨੇ ਸਭ ਨੂੰ ਮੂੰਹ ਤੋੜ ਜੁਆਬ ਦਿੱਤੇ।

ਦਰਅਸਲ ਉਹ ਆਪਣੇ ਨਾਨਕੇ ਰਹਿਣ ਆਈ ਸੀ। ਸਾਡੇ ਪਿੰਡ ਉਸਦੇ ਨਾਨਕੇ ਸਨ। ਉਹਨਾਂ ਦਿਨਾਂ ਵਿੱਚ ਅਸੀਂ ਨਿੱਤ ਤੜਕੇ ਮਿਲਦੇ। ਪਰ ਕਦੇ ਇੱਕ-ਦੂਜੇ ਨੂੰ ਬੁਲਾਇਆ ਨਾ। ਇੱਕ ਤਾਂ ਗੁਰੂ ਘਰ ਦੀ ਮਰਿਆਦਾ ਨੂੰ ਦੇਖਦੇ ਮੈਨੂੰ ਇਹ ਠੀਕ ਨਹੀਂ ਸੀ ਲੱਗਦਾ ਤੇ ਦੂਸਰਾ ਛਿੱਤਰਾਂ ਦਾ ਵੀ ਡਰ ਸੀ। ਉਸਦੇ ਮਾਮੇ ਥੋੜੇ ਅੜਬ ਸੁਭਾ ਦੇ ਸਨ। ਉਹ ਬੰਦੇ ਵਧੀਆ ਸਨ। ਮੇਰੀ

ਯੋਗਤਾਂ ਦੀਆਂ ਪ੍ਰਸ਼ੰਸ਼ਾ ਕਰਦੇ ਸਨ। ਇਸ ਲਈ ਮੈਂ ਗ਼ਲਤ ਕਦਮ ਨਹੀਂ ਸੀ ਪੁੱਟਣਾ ਚਾਹੁੰਦਾ। ਤੇ ਮੈਂ ਏਨਾ ਸੋਹਣਾ ਜਾਂ ਸੱਜ-ਫੱਬ ਵਾਲਾ ਵੀ ਬਿਲਕੁਲ ਨਹੀਂ ਸੀ ਕਿ ਕੋਈ ਕੁੜੀ ਮੈਨੂੰ ਪਸੰਦ ਕਰੇ। ਉਹ ਵੀ ਏਨੀ ਸੋਹਣੀ ਜਿਸਨੇ ਸੋਹਣੇ ਤੋਂ ਸੋਹਣੇ ਮੁੰਡੇ ਨੂੰ ਨਾਂਹ ਕਰ ਦਿੱਤੀ ਸੀ। ਪਰ ਇੱਕ ਗੱਲ ਜਰੂਰ ਸੀ। ਉਹ ਜਦੋਂ ਵੀ ਮੇਰੇ ਵੱਲ ਦੇਖਦੀ ਤਾਂ ਅੱਖ ਨਾ ਝਮਕਦੀ। ਮੈਂ ਤਾਂ ਬਸ ਉਸਦੀਆਂ ਮੋਟੀਆਂ ਅੱਖਾਂ ਤੇ ਫਿਦਾ ਸੀ। ਗੁਰੂ ਘਰ ਤੋਂ ਸਿਵਾ ਉਹ ਮੈਨੂੰ ਪਿੰਡ ਵਿੱਚ ਕਦੇ ਦਿਖਾਈ ਨਹੀਂ ਸੀ ਦਿੱਤੀ। ਦਿਨ ਗੁਜ਼ਰ ਗਏ। ਗੁਰਪੁਰਬ ਦਾ ਭੋਗ ਪੈ ਗਿਆ। ਹੁਣ ਉਸ ਨਾਲ ਨਜ਼ਰਾਂ ਮਿਲਾਉਣ ਲਈ ਕੋਈ ਥਾਂ ਟਿਕਾਣਾ ਨਾ ਰਿਹਾ। ਉਸ ਵਕਤ ਏਨੀ ਸਿਆਣਪ ਨਹੀਂ ਸੀ ਕਿ ਕਿਸੇ ਤਰ੍ਹਾਂ ਦੀ ਕੋਈ ਸਕੀਮ ਘੜੀ ਜਾਵੇ। ਮੈਂ ਕੰਮਾਂ-ਕਾਰਾਂ ਵਿੱਚ ਰੁਝ ਗਿਆ। ਉਸਨੂੰ ਦੇਖਣਾ ਤੇ ਮਿਲਣਾ ਨਾ ਮਾਤਰ ਹੋ ਗਿਆ।

ਮੈਨੂੰ ਉਸਦਾ ਨਾਮ ਨਹੀਂ ਸੀ ਪਤਾ। ਪਰ ਉਸ ਜੋਤਸ਼ੀ ਦੀ ਗੱਲ ਜਹਿਨ ਵਿੱਚ ਜਰੂਰ। ਕਿਉਂਕਿ ਮੈਨੂੰ ਲੱਗਦਾ ਸੀ ਜੋਤਸ਼ੀ ਦੀ ਇੱਕ ਗੱਲ ਤਾਂ ਸੱਚ ਹੋਈ ਜੋ ਰਾਵੀ ਨਹੀਂ ਮਿਲੀ ਪਰ ਦੇਖਣਾ ਸੀ ਕਿ ਇਸਦਾ ਨਾਮ ਕਿਸ ਅੱਖਰ ਤੋਂ ਹੈ? ਅਗਰ "ਰ" ਤੋਂ ਹੋਇਆ ਤਾਂ ਫਿਰ ਤਾਂ ਦਿਲ ਟੁੱਟਿਆ ਲਉ। ਅਗਰ ਕਿਸੇ ਹੋਰ ਅੱਖਰ ਤੋਂ ਹੈ ਤਾਂ ਫਿਰ ਦੇਖਦੇ ਕੀ ਹੁੰਦਾ। ਇਹ ਗੱਲਾਂ ਹੁਣ ਤਾਂ ਬੇਕਾਰ ਲੱਗਦੀਆਂ ਨੇ ਪਰ ਉਸ ਵਕਤ ਮੇਰੇ ਮਨ ਦੀ ਅਵਸਥਾ ਅਨੁਸਾਰ ਇਹ ਜਾਨਣ ਦੀ ਚਾਹਤ ਸੀ ਕਿ ਉਸ ਦੀ ਭਵਿੱਖ ਵਾਣੀ 'ਚ ਕਿੰਨਾ ਕੁ ਅਸਰ ਹੈ। ਮੈਂ ਤਾਂਘ ਰੱਖਣ ਲੱਗਾ।

ਫਿਰ ਅਚਾਨਕ ਮੇਰੇ ਇੱਕ ਯਾਰ ਦਾ ਵਿਆਹ ਆ ਗਿਆ। ਉਹ ਉਮਰ ਵਿੱਚ ਮੇਰੇ ਤੋਂ ਕੁਝ ਵਢੇਰੀ ਉਮਰ ਦਾ ਸੀ। ਪਰ ਯਾਰ ਪੱਕਾ ਸੀ। ਪਰਿਵਾਰਿਕ ਸਾਂਝ ਵੀ ਸੀ। ਮੇਰੀ ਹਰ ਉਮਰ ਦੇ ਇਨਸਾਨ ਨਾਲ ਯਾਰੀ ਪੈ ਜਾਂਦੀ ਹੈ ਤੇ ਨਿਭਦੀ ਵੀ ਬਾ-ਖ਼ੂਬੀ ਹੈ। ਉਸਦਾ ਕੁਝ ਦਿਨ ਪਹਿਲਾਂ ਰਿਸ਼ਤਾ ਹੋਇਆ ਸੀ ਤੇ ਕੁੜੀ ਵਾਲਿਆਂ ਨੇ ਜਲਦੀ ਵਿਆਹ ਮੰਗ ਲਿਆ। ਵਿਆਹ ਦੇ ਬਹੁਤੇ ਕੰਮਾਂ ਦੀ ਜਿੰਮੇਵਾਰੀ ਮੇਰੇ ਹੱਥ ਸੀ। ਵਿਆਹ ਕਰਕੇ ਘਰ ਨੂੰ ਸੋਹਣਾ ਬਣਾਉਣ ਲਈ ਰੰਗ ਕਰਨ ਲੱਗੇ। ਮੈਂ ਆਪਣੇ ਨਾਲ ਕੁਝ ਯਾਰ ਲਏ ਤੇ ਪਹਿਲਾਂ ਕਮਰਿਆਂ ਦੇ ਅੰਦਰ ਤੇ ਬਾਹਰ ਕਰਨ ਲੱਗੇ। ਸ਼ਾਮ ਹੋ ਗਈ। ਅਸੀਂ ਕਾਹਲੀ ਵਿੱਚ ਰੰਗ ਕਰਦੇ ਸਾਰੇ ਹੀ ਰੰਗ ਨਾਲ ਲਿਬੜੇ ਪਏ ਸੀ। ਮੇਰਾ ਤਾਂ ਪਹਿਲਾਂ ਹੀ ਰੰਗ-ਰੂਪ ਓਦਾਂ ਦਾ ਸੀ ਤੇ ਮੂੰਹ ਤੇ ਰੰਗ ਲੱਗਣ ਕਰਕੇ ਹੋਰ ਭੈੜਾ ਲੱਗਣ ਲੱਗਾ। ਸਾਰੇ ਇੱਕ ਦੂਜੇ ਦੇ ਮੂੰਹ ਦੇਖ ਹੱਸਦੇ ਤੇ ਟਿੱਚਰਾਂ ਕਰਦੇ। ਰੰਗ ਕਰਦਾ ਮੈਂ ਕੋਠੇ ਦੇ ਉਪਰ ਚੜ੍ਹ ਗਿਆ। ਉਪਰਲੇ ਹਿੱਸੇ ਨੂੰ ਰੰਗ ਕਰਨ ਲਈ। ਮੈਂ ਆਪਣੇ ਧਿਆਨ ਰੰਗ ਕਰ ਰਿਹਾ ਸੀ ਕਿ ਮੈਨੂੰ ਕਿਸੇ ਕੁੜੀ ਨੇ ਆਵਾਜ ਮਾਰੀ..

ਲਵਪ੍ਰੀਤ ਭਾਜੀ..

ਮੈਂ ਆਸ-ਪਾਸ ਦੇਖਿਆ ਤਾਂ ਮੇਰੀ ਨਜ਼ਰ ਮੇਰੇ ਯਾਰ ਦੇ ਘਰਾਂ ਪਿਛਲੇ ਘਰ ਤੇ ਪਈ। ਜਿੱਥੇ ਦੋ ਕੁੜੀਆਂ ਮੰਜੇ ਤੇ ਬੈਠੀਆਂ ਸਨ। ਇਹ ਤਾਂ ਰੂਬਲ ਸੀ ਤੇ ਨਾਲ ਉਹ ਕੁੜੀ ਜੋ ਉਹਨਾਂ ਘਰ ਪ੍ਰਾਹੁਣੀ ਆਈ ਹੋਈ ਸੀ। ਮੈਂ ਜਾਣਦਾ ਸੀ ਕਿ ਰੂਬਲ ਕਾ ਘਰ ਮੇਰੇ ਯਾਰ ਕੇ ਘਰਾਂ ਪਿੱਛੇ ਹੈ ਪਰ ਇਹ ਨਹੀਂ ਸੀ ਸਮਝ ਆ ਰਿਹਾ ਕਿ ਰੂਬਲ ਨੇ ਮੈਨੂੰ ਆਵਾਜ ਕਿਉਂ ਮਾਰੀ। ਪਰ ਮੈਂ ਗੌਰ ਕੀਤਾ

ਉਹਨਾਂ ਦੋਨਾਂ ਸਿਵਾ ਘਰ ਵਿੱਚ ਹੋਰ ਕੋਈ ਨਹੀਂ ਸੀ। ਮੈਂ ਰੰਗ ਵਾਲਾ ਡੱਬਾ ਇੱਕ ਪਾਸੇ ਰੱਖਿਆ ਤੇ ਹੌਂਸਲਾ ਕਰ ਬੋਲਿਆ..

ਮੈਂ - ਹਾਂਜੀ।

ਫਿਰ ਉਹ ਮੰਜੇ ਤੋਂ ਉੱਠ ਮੇਰੇ ਨੇੜੇ ਆਈ ਤੇ ਹੇਠਾਂ ਤੋਂ ਹੌਲੀ ਜਿਹੇ ਬੋਲੀ..

ਰੂਬਲ - ਮੇਰੀ ਭੂਆ ਦੀ ਕੁੜੀ ਨੇ ਤੁਹਾਡੇ ਨਾਲ ਗੱਲ ਕਰਨੀ ਏ। ਆਪਣਾ ਫੋਨ ਨੰਬਰ ਦੇ ਦਿਉ।

ਜਿਉਂ ਹੀ ਉਸਨੇ ਏਦਾਂ ਕਿਹਾ ਮੈਨੂੰ ਤਾਂ ਜਿਵੇਂ ਖੰਭ ਲੱਗ ਗਏ ਹੋਣ। ਮੇਰੀ ਖੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ। ਮੈਂ ਉਸਨੂੰ ਕਿਹਾ..

ਮੈਂ - ਹੁਣੇ ਲਿਆਇਆ ਲਿਖ ਕੇ।

ਮੈਂ ਬੜੀ ਹੀ ਫੁਰਤੀ ਨਾਲ ਕੋਠੇ ਤੋਂ ਉੱਤਰਿਆ। ਏਨੀ ਫੁਰਤੀ ਨਾਲ ਕਿ ਪੌੜੀ ਤੋਂ ਡਿੱਗਣ ਪਿਆ। ਮੇਰੇ ਨਾਲ ਵਾਲੇ ਯਾਰਾਂ ਮੈਨੂੰ ਹਾਸੇ ਮਜ਼ਾਕ ਵਿੱਚ ਕਿਹਾ..

ਓ ਭਰਾਵਾ ਕੀ ਹੋਇਆ ਈ ਤੈਨੂੰ..

ਮੈਂ ਬਿਨਾਂ ਉਹਨਾਂ ਦੀ ਗੱਲ ਦਾ ਜੁਆਬ ਦਿੱਤੇ। ਲਿਬੜਿਆ ਹੀ ਭੱਜ ਕੇ ਆਪਣੇ ਘਰ ਗਿਆ ਤੇ ਇੱਕ ਕਾਗ਼ਜ ਤੇ ਨੰਬਰ ਲਿਖ ਵਾਪਿਸ ਆ ਗਿਆ। ਫਿਰ ਕਾਹਲੀ ਵਿੱਚ ਕੋਠੇ ਚੜਿਆ ਤੇ ਰੂਬਲ ਨੂੰ ਆਵਾਜ ਮਾਰੀ। ਰੂਬਲ ਥੋੜਾ ਨੇੜੇ ਆਈ ਤਾਂ ਮੈਂ ਨੰਬਰ ਵਾਲਾ ਕਾਗ਼ਜ ਉਸ ਵੱਲ ਸੁੱਟ ਦਿੱਤਾ। ਕਾਗ਼ਜ

ਚੁੱਕਦੇ ਹੀ ਉਹ ਪਿਛਾਂਹ ਹਟ ਗਈ ਤੇ ਮੈਂ ਰੰਗ ਕਰ ਹੇਠਾਂ ਉੱਤਰ ਆਇਆ। ਉਸ ਦਿਨ ਰੰਗ ਕਰਦਿਆਂ ਸਾਨੂੰ ਕਾਫੀ ਰਾਤ ਹੋ ਗਈ। ਕੰਮ ਖਤਮ ਕਰ ਅਸੀਂ ਸਭ ਆਪੋ-ਆਪਣੇ ਘਰ ਚਲੇ ਗਏ। ਮੈਂ ਘਰੇ ਪਹੁੰਚ ਨਹਾਤਾ-ਧੋਤਾ ਤੇ ਫੋਨ ਦੀ ਉਡੀਕ ਕਰਨ ਲੱਗਾ। ਉਹ ਹੱਦ ਤੋਂ ਪਰ੍ਹੇ ਸੋਹਣੀ ਸੀ। ਮੈਂ ਸੋਚ ਵੀ ਨਹੀਂ ਸੀ ਸਕਦਾ ਕਿ ਏਨੀ ਸੋਹਣੀ ਕੁੜੀ ਮੇਰੇ ਨਾਲ ਗੱਲ ਕਰਨ ਨੂੰ ਰਾਜੀ ਹੈ। ਉਹ ਵੀ ਜਿਸ ਦੇ ਮਗਰ ਸਾਰੇ ਪਿੰਡ ਦੇ ਆਸ਼ਿਕ ਹੱਥ ਧੋ ਕੇ ਪਏ ਹੋਏ ਸਨ। ਮੈਨੂੰ ਇਸ ਗੱਲ ਦਾ ਬਿਲਕੁਲ ਵੀ ਯਕੀਨ ਨਹੀਂ ਸੀ ਹੋ ਰਿਹਾ। ਇਹ ਤਾਂ ਲੰਗੂਰ ਹੱਥ ਅੰਗੂਰ ਆਉਣ ਵਾਲੀ ਗੱਲ ਜਾਪਦੀ ਸੀ। ਐਸਾ ਨਹੀਂ ਸੀ ਕਿ ਮੈਂ ਉਸਨੂੰ ਪਿਆਰ ਕਰਦਾ ਸੀ। ਮੇਰੇ ਮਨ ਤੇ ਅਜੇ ਵੀ ਰਾਵੀ ਛਾਈ ਹੋਈ ਸੀ। ਪਰ ਉਸਦੇ ਵਿਆਹ ਬਾਅਦ ਉਸਦੀ ਯਾਦ ਵਿੱਚ ਤੜਫਨਾ ਮੈਨੂੰ ਜਮਾਂ ਵੀ ਜਾਇਜ਼ ਨਹੀਂ ਸੀ ਲੱਗਦਾ। ਕਿਉਂਕਿ ਇਸਦਾ ਕੋਈ ਫਾਇਦਾ ਵੀ ਨਹੀਂ ਸੀ। ਇਹ ਫਿਲਮ ਤਾਂ ਚੱਲ ਨਹੀਂ ਸੀ ਰਹੀ ਕੋਈ। ਅਸਲ ਜਿੰਦਗੀ ਸੀ। ਇਸ ਲਈ ਏਨੀ ਸੋਹਣੀ ਕੁੜੀ ਦਾ ਖੁਦ ਮੈਨੂੰ ਗੱਲ ਕਰਨ ਲਈ ਕਹਿਣਾ ਤਾਂ ਖੁਦਾ ਦਾ ਕ੍ਰਿਸ਼ਮਾ ਲੱਗਦਾ ਸੀ। ਬੜਾ ਹੀ ਤਸੱਲੀ ਬਖਸ਼, ਮਾਣ ਵਾਲਾ ਤੇ ਖ਼ੂਬਸੂਰਤ ਅਹਿਸਾਸ ਸੀ ਇਹ।

ਉਸ ਵਕਤ ਮੇਰੇ ਕੋਲ ਨੋਕੀਆ ਕੰਪਨੀ ਦਾ ਫੋਨ ਸੀ। ਸ਼ਾਇਦ 1208 ਸੀ। ਮੈਂ ਫੋਨ ਦੀ ਉਡੀਕ ਕਰ ਰਿਹਾ ਸੀ। ਰਾਤ ਦਸ ਵਜੇ ਦੇ ਕਰੀਬ ਫੋਨ ਆਇਆ। ਮੈਂ ਦੇਖਿਆ ਤਾਂ ਕਿਸੇ ਅਨਜਾਣ ਨੰਬਰ ਤੋਂ ਸੀ। ਮੈਂ ਸਮਝ ਗਿਆ ਕਿ ਫੋਨ ਉਸਦਾ ਹੋਵੇਗਾ। ਮੈਂ ਫੋਨ ਚੁੱਕਿਆ ਤੇ ਅੱਗਿਓਂ ਕੁੜੀ ਬੋਲੀ..

ਰੂਬਲ - ਲਵਪ੍ਰੀਤ ਭਾਜੀ?

ਮੈਂ - ਹਾਂਜੀ। ਰੂਬਲ ਆ?

ਰੂਬਲ - ਹਾਂਜੀ।

ਮੈਂ - ਹੋਰ ਕੀ ਹਾਲ ਆ?

ਰੂਬਲ - ਠੀਕ ਆ। ਤੁਸੀਂ ਕਿਵੇਂ?

ਮੈਂ - ਮੈਂ ਵੀ ਵਧੀਆ।

ਰੂਬਲ - ਦਰਅਸਲ ਮੇਰੀ ਭੂਆ ਦੀ ਕੁੜੀ ਤੁਹਾਡੇ ਨਾਲ ਗੱਲ ਕਰਨਾ ਚਾਹੁੰਦੀ ਸੀ।

ਮੈਂ - ਹਾਂਜੀ, ਕਰਵਾਉ ਫਿਰ।

ਰੂਬਲ - ਕਰਵਾਉਂਦੀ ਆ। ਏਨੀ ਵੀ ਕਾਹਲੀ ਕਾਹਦੀ?

ਮੈਂ - ਲੈ ਦੱਸ, ਕਾਹਲੀ ਤਾਂ ਹੈ ਹੀ। ਕਿੰਨੇ ਚਿਰ ਦਾ ਫੋਨ ਉਡੀਕ ਰਹਾਂ ਮੈਂ।

ਰੂਬਲ - ਅੱਛਾ। ਤੁਹਾਨੂੰ ਪਤਾ ਕਿੰਨੇ ਮੁੰਡਿਆਂ ਨੇ ਮੈਨੂੰ ਕਿਹਾ ਕਿ ਆਪਣੀ ਭੂਆ ਦੀ ਕੁੜੀ ਨਾਲ ਗੱਲ ਕਰਾ।

ਮੈਂ - ਆਹੋ ਪਤਾ ਵਾ ਮੈਨੂੰ। ਸਾਰਾ ਪਿੰਡ ਸ਼ਦਾਈ ਹੋਇਆ ਫਿਰਦਾ ਉਸ ਪਿੱਛੇ।

ਰੂਬਲ - ਪਰ ਮੈਂ ਕਿਸੇ ਨਾਲ ਵੀ ਗੱਲ ਨਹੀਂ ਕਰਨ ਦਿੱਤੀ। ਮੈਂ ਉਸਨੂੰ ਕਿਹਾ ਕਿ ਗੱਲ ਤਾਂ ਸਿਰਫ ਤੁਹਾਡੇ ਨਾਲ ਕਰਨੀ ਆ। ਹੋਰ ਕਿਸੇ ਨਾਲ ਨਹੀਂ।

ਮੈਂ - ਕਿਉਂ ਏਦਾਂ ਕਿਉਂ?

ਰੂਬਲ - ਸਾਰੇ ਪਿੰਡ 'ਚੋਂ ਤੁਸੀਂ ਤਾਂ ਚੱਜ ਦੇ ਮੁੰਡੇ ਹੋ ਜਿਸਦੀ ਕਦੇ ਕੋਈ ਗ਼ਲਤ ਗੱਲ ਨੀ ਸੁਣੀ ਪਿੰਡ ਵਿੱਚ।

ਮੈਂ - ਅੱਛਾ। ਲੱਗਦਾ ਤੂੰ ਰਾਵੀ ਬਾਰੇ ਨੀ ਸੁਣਿਆ ਕਦੇ?

ਰੂਬਲ - ਹਾਂ ਜਾਣਦੀ ਹਾਂ ਮੈਂ। ਪਰ ਫਿਰ ਵੀ ਤੁਸੀਂ ਵਧੀਆ ਹੋ।

ਮੈਂ - ਏਨਾ ਵੀ ਚੰਗਾ ਨਹੀਂ ਹਾਂ ਮੈਂ ਜਿੰਨਾਂ ਤੂੰ ਸਮਝੀ ਜਾਂਦੀ।

ਰੂਬਲ - ਤੁਹਾਨੂੰ ਨਹੀਂ ਪਤਾ। ਪਰ ਸਾਰੇ ਪਿੰਡ 'ਚ ਤੁਹਾਡੀਆਂ ਹੀ ਤਰੀਫਾਂ ਹੁੰਦੀਆਂ ਨੇ। ਤੁਹਾਡੀ ਪੜ੍ਹਾਈ ਵੱਲੋਂ, ਸਾਦਗੀ ਵੱਲੋਂ ਚੰਗੇ ਬੋਲ ਚਾਲਣ ਦੇ ਢੰਗ ਵੱਲੋਂ, ਹਰ ਸਤਿਕਾਰ ਯੋਗ ਖ਼ੂਬੀ ਹੈ ਤੁਹਾਡੇ 'ਚ।

ਮੈਂ - ਅੱਛਾ ਮੈਨੂੰ ਤਾਂ ਪਹਿਲੀ ਵਾਰ ਪਤਾ ਲੱਗਾ ਕਿ ਮੇਰੇ ਏਨੇ ਝੰਡੇ ਝੂਲਦੇ ਨੇ।

ਰੂਬਲ - ਹਾਂਜੀ। ਹਰ ਕੋਈ ਤਾਰੀਫ਼ ਕਰਦਾ ਤੁਹਾਡੀ। ਸਾਡੇ ਤਾਂ ਘਰਦੇ ਵੀ ਅਗਰ ਗੱਲ ਕਰਨ ਤਾਂ ਮੇਰਿਆਂ ਭਰਾਵਾਂ ਨੂੰ ਤੁਹਾਡੀਆਂ ਉਦਾਹਰਣਾਂ ਦਿੰਦੇ ਨੇ।

ਮੈਂ - ਅੱਛਾ। ਫਿਰ ਤਾਂ ਮੈਨੂੰ ਇਸਦਾ ਇਨਾਮ ਮਿਲਣਾ ਚਾਹੀਦਾ। ਹਨਾ?

ਰੂਬਲ - ਲੈ ਦੱਸ। ਏਨੀ ਸੋਹਣੀ ਕੁੜੀ ਤੁਹਾਡੇ ਨਾਲ ਗੱਲ ਕਰਨ ਨੂੰ ਤਰਲੇ ਲੈ ਰਹੀ ਏ। ਹੋਰ ਕੀ ਇਨਾਮ ਚਾਹੀਦਾ?

ਅਸੀਂ ਦੋਨੋਂ ਹੱਸਣ ਲੱਗ ਪਏ। ਮੈਂ ਬੋਲਿਆਂ..

ਮੈਂ - ਕਰਾ ਫਿਰ ਗੱਲ ਜਾਂ ਤੂੰ ਹੀ ਕਰੀ ਜਾਵੇਂਗੀ ਸਾਰੀਆਂ ਗੱਲਾਂ?

ਰੂਬਲ - ਕਰ ਲੋ ਦੋ-ਚਾਰ ਮਿੰਟ ਮੇਰੇ ਨਾਲ ਗੱਲ। ਫਿਰ ਓਦੇ ਨਾਲ ਲੱਗ ਗਏ। ਮੈਨੂੰ ਪਤਾ ਮੇਰੀ ਵਾਰੀ ਨਹੀਂ ਆਉਣੀ।

ਮੈਂ - ਮੈਨੂੰ ਤਾਂ ਇੰਞ ਲੱਗੀ ਜਾਂਦਾ ਜਿੱਦਾਂ ਤੂੰ ਹੀ ਗੱਲ ਕਰਨੀ ਚਾਹੁੰਦੀ ਹੋਵੇ ਮੇਰੇ ਨਾਲ।

ਅਸੀਂ ਮੁੜ ਹੱਸਣ ਲੱਗੇ। ਉਹ ਬੋਲੀ..

ਰੂਬਲ - ਨਹੀਂ। ਮੇਰਾ ਏਦਾਂ ਦਾ ਕੋਈ ਮਨ ਨਹੀਂ। ਏਨੇ ਵੀ ਚੰਗੇ ਨਹੀਂ ਤੁਸੀਂ।

ਅਸੀਂ ਫਿਰ ਹੱਸਣ ਲੱਗੇ।

ਮੈਂ ਫੋਨ ਤੇ ਗੱਲ ਕਰਦਾ-ਕਰਦਾ ਪਿੰਡ ਦੇ ਬਾਹਰ ਦੀ ਫਿਰਨੀ ਵਾਲੀ ਸੜਕ ਤੇ ਸੈਰ ਕਰ ਰਿਹਾ ਸੀ। ਅਕਸਰ ਮੈਂ ਆਪਣੇ ਯਾਰਾਂ ਨਾਲ ਰੋਜ਼ ਸੈਰ ਕਰਨ ਬਾਹਰ ਜਾਂਦਾ ਸੀ। ਪਰ ਅੱਜ ਮੈਂ ਇਕੱਲਾ ਸੀ। ਜਦੋਂ ਅਸੀਂ ਕਿਸੇ ਖਾਸ ਨਾਲ ਗੱਲ ਕਰਨੀ ਹੋਵੇ ਤਾਂ ਇਕਾਂਤ ਭਾਲਦੇ ਹਾਂ। ਇਸ ਲਈ ਮੈਂ ਵੀ ਠੰਡ ਦੀ ਪਰਵਾਹ ਕੀਤੇ ਬਿਨਾਂ ਫੋਨ ਤੇ ਗੱਲ ਕਰਨ ਦੀ ਆੜ ਵਿੱਚ ਬਾਹਰ ਫਿਰ

ਰਿਹਾ ਸੀ। ਤਾਂ ਜੋ ਕੋਈ ਗੱਲ ਕਰਦੇ ਨੂੰ ਤੰਗ ਨਾ ਕਰੇ ਤੇ ਕਿਸੇ ਕਿਸਮ ਦਾ ਵਿਘਨ ਨਾ ਪਵੇ। ਰੂਬਲ ਨੇ ਦੋ-ਚਾਰ ਗੱਲਾਂ ਹੋਰ ਕੀਤੀਆਂ ਤੇ ਫਿਰ ਫੋਨ ਆਪਣੀ ਭੂਆ ਦੀ ਕੁੜੀ ਨੂੰ ਫੜਾ ਦਿੱਤਾ। ਉਹ ਬੜੀ ਹੀ ਹੌਲੀ ਜਿਹੀ ਬੋਲੀ..

ਹਾਂਜੀ।

ਮੈਂ - ਕੀ ਹਾਲ ਆ?

ਉਹ ਬੋਲੀ..

ਵਧੀਆ। ਤੁਹਾਡਾ ਕੀ ਹਾਲ?

ਮੈਂ - ਮੈਂ ਵੀ ਵਧੀਆ।

ਉਹ ਬੋਲੀ..

ਹੋਰ ਕੀ ਕਰਦੇ?

ਮੈਂ - ਕੁਝ ਨਹੀਂ ਬਸ ਘਰੋਂ ਬਾਹਰ ਆ। ਤੁਰਦਾ-ਫਿਰਦਾ ਆਪ ਨਾਲ ਗੱਲ ਕਰ ਰਿਹਾ।

ਉਹ ਬੋਲੀ..

ਠੀਕ ਆ।

ਮੈਂ - ਸੱਚ ਨਾਂ ਤਾਂ ਪੁੱਛਿਆ ਹੀ ਨੀ ਮੈਂ। ਕੀ ਨਾਂ ਆਪਦਾ?

ਉਹ ਬੋਲੀ..

ਅਕਾਸ਼।

ਮੈਂ - ਸੋਹਣਾ ਨਾਂ ਏ। ਮੇਰਾ ਨਾਂ ਤਾਂ ਪਤਾ ਹੋਣਾ ਆਪਨੂੰ।

ਅਕਾਸ਼ - ਹਾਂਜੀ ਦੱਸਿਆ ਹੈ ਰੂਬਲ ਨੇ।

ਮੈਂ - ਲੱਗਦਾ ਰੂਬਲ ਨਾਲ ਬਹੁਤ ਗੱਲਾਂ ਹੁੰਦੀਆਂ ਮੇਰੇ ਬਾਰੇ।

ਅਕਾਸ਼ - ਨਹੀਂ ਬਹੁਤੀਆਂ ਨੀ। ਬਸ ਕਦੇ ਕਦੇ।

ਮੈਂ - ਅੱਛਾ।

ਉਸਦਾ ਨਾਮ ਸੁਣਦੇ ਹੀ ਮੇਰਾ ਜੋਤਸ਼ੀ ਤਰਫ਼ ਧਿਆਨ ਗਿਆ ਕਿ ਹਰ ਗੱਲ ਤਾਂ ਉਸਦੀ ਸੱਚ ਨਹੀਂ ਹੋ ਸਕਦੀ। ਤੇ ਮੈਂ ਰੱਬ ਦਾ ਸ਼ੁਕਰ ਮਨਾਇਆ। ਫਿਰ ਅਸੀਂ ਕਰੀਬ ਇੱਕ ਘੰਟਾ ਗੱਲ ਕੀਤੀ ਹੋਵੇਗੀ। ਉਸਨੇ ਦੱਸਿਆ ਕਿ ਉਸਨੇ ਏਸੇ ਸਾਲ ਹੀ ਬਾਰਵੀਂ ਜਮਾਤ ਪਾਸ ਕੀਤੀ ਹੈ। ਹੋਰ ਆਪਣੇ ਪਿੰਡ ਬਾਰੇ ਦੱਸਿਆ। ਪਰਿਵਾਰ ਬਾਰੇ ਦੱਸਿਆ। ਇਹ ਵੀ ਦੱਸਿਆ ਕਿ ਹੁਣ ਉਹ ਕਿੰਨੇ ਹੋਰ ਦਿਨ ਸਾਡੇ ਪਿੰਡ ਰਹੇਗੀ। ਬਹੁਤ ਗੱਲਾਂ ਕੀਤੀਆਂ ਪਰ ਦੋਨਾਂ 'ਚੋਂ ਇੱਕ ਵਾਰ ਵੀ ਕਿਸੇ ਨੇ ਪਿਆਰ ਦਾ ਇਜ਼ਹਾਰ ਨਾ ਕੀਤਾ। ਫੋਨ ਉਸਦਾ ਆਪਣਾ ਨਹੀਂ ਸੀ। ਉਹ ਰੂਬਲ ਦਾ ਸੀ। ਉਸਨੇ ਦੱਸਿਆ ਕਿ ਉਹ ਤੇ ਰੂਬਲ ਰੋਜ਼ ਸ਼ਾਮ ਨੂੰ ਪੰਜ ਵਜੇ ਗੁਰਦੁਆਰਾ ਸਾਹਿਬ ਆਉਂਦੇ ਨੇ। ਮੈਂ ਕਾਲਜ ਤੋਂ ਦੇਰੀ ਨਾਲ ਘਰ ਪਰਤਦਾ ਸੀ ਇਸ ਲਈ ਰੋਜ਼ ਏਸੇ ਸਮੇਂ ਜਾਣਾ ਮੇਰੇ ਲਈ ਕਠਿਨ ਸੀ। ਪਰ ਸ਼ਨੀਵਾਰ ਤੇ ਐਤਵਾਰ ਮੈਂ ਜਰੂਰ ਜਾਂਦਾ ਸੀ। ਦੋ ਦਿਨ ਮੈਨੂੰ ਕਾਲਜ

ਤੋਂ ਛੁੱਟੀ ਹੁੰਦੀ ਸੀ। ਮੈਂ ਨਹੀਂ ਜਾਣਦਾ ਕਿ ਮੈਨੂੰ ਉਸ ਨਾਲ ਪਿਆਰ ਸੀ ਜਾਂ ਨਹੀਂ ਪਰ ਉਸ ਤਰਫ਼ ਖਿੱਚ ਜਰੂਰ ਸੀ। ਅਸੀਂ ਕਈ ਦਿਨ ਤੱਕ ਫੋਨ ਤੇ ਗੱਲਬਾਤ ਕਰਦੇ ਰਹੇ। ਮੈਂ ਰੋਜ਼ ਉਸਦੇ ਫੋਨ ਦੀ ਉਡੀਕ ਕਰਦਾ। ਉਹ ਕਿਸੇ ਵੀ ਵਕਤ ਫੋਨ ਕਰ ਦੇਂਦੀ ਸੀ। ਗੱਲ ਕਰਦਿਆਂ ਕਰੀਬ ਪੰਦਰਾਂ ਦਿਨ ਹੋ ਗਏ। ਮੈਂ ਆਪਣੇ ਪਿੰਡ ਦੀ ਇੱਕ ਮਨਿਆਰੀ ਦੀ ਦੁਕਾਨ ਤੋਂ ਉਸ ਲਈ ਝੁਮਕੇ ਲਏ ਤੇ ਉਸਨੂੰ ਫੋਨ ਕਰ ਰਸਤੇ ਵਿੱਚ ਲੰਘਦਿਆਂ ਫੜਾ ਦਿੱਤੇ। ਉਸਨੂੰ ਬਹੁਤ ਪਸੰਦ ਆਏ। ਜਿਸ ਦੁਕਾਨ ਤੋਂ ਮੈਂ ਝੁਮਕੇ ਲਏ ਸਨ ਉਸ ਦੁਕਾਨ ਵਾਲੀ ਔਰਤ ਨੇ ਮੇਰੀ ਮਾਂ ਨੂੰ ਇਸ ਬਾਰੇ ਦੱਸ ਦਿੱਤਾ ਤੇ ਮੇਰੀ ਮਾਂ ਨੇ ਫਿਰ ਤੋਂ ਮੇਰੇ ਕੰਨ ਖਿੱਚੇ। ਸਾਡੇ ਦੋਨਾਂ ਦੀ ਯਾਰੀ ਦੀਆਂ ਗੱਲਾਂ ਸਾਰੇ ਪਿੰਡ ਵਿੱਚ ਅੱਗ ਵਾਂਗੂੰ ਫੈਲ ਗਈਆਂ। ਪਤਾ ਨਹੀਂ ਇਹ ਕਿਵੇਂ ਹੋਇਆ। ਫਿਰ ਇੱਕ ਦਿਨ ਉਹ ਵਾਪਿਸ ਆਪਣੇ ਪਿੰਡ ਚਲੀ ਗਈ। ਮੈਨੂੰ ਇਸ ਗੱਲ ਦਾ ਦੁੱਖ ਹੋਇਆ। ਕਿਉਂਕਿ ਉਸਨੂੰ ਦੇਖਣਾ ਨਸੀਬ ਨਹੀਂ ਸੀ ਹੋਣਾ।

ਆਪਣੇ ਪਿੰਡ ਵਾਪਿਸ ਜਾਣ ਤੇ ਉਹ ਨਿੱਤ ਫੋਨ ਨਹੀਂ ਸੀ ਕਰਦੀ ਪਰ ਹਫ਼ਤੇ ਵਿੱਚ ਦੋ-ਤਿੰਨ ਵਾਰ ਜਰੂਰ ਗੱਲ ਹੋ ਜਾਂਦੀ ਸੀ। ਕਿਉਂਕਿ ਉਸ ਕੋਲ ਉਸਦਾ ਆਪਣਾ ਫੋਨ ਨਹੀਂ ਸੀ। ਮੈਂ ਨਾ ਕਦੇ ਇਸ ਗੱਲ ਦਾ ਰੋਸ ਕੀਤਾ ਤੇ ਨਾ ਹੀ ਜਿੱਦ। ਉਹ ਖੁਦ ਹੀ ਫੋਨ ਕਰਦੀ ਸੀ। ਮੈਨੂੰ ਨਹੀਂ ਯਾਦ ਕਿ ਮੈਂ ਵੀ ਕਦੇ ਉਸ ਨੂੰ ਫੋਨ ਕੀਤਾ ਹੋਵੇਗਾ। ਏਦਾਂ ਨਹੀਂ ਸੀ ਕਿ ਮੈਂ ਉਸ ਨਾਲ ਗੱਲ ਨਹੀਂ ਕਰਨਾ ਚਾਹੁੰਦਾ। ਅਸਲ ਵਿੱਚ ਉਸਨੇ ਖੁਦ ਹੀ ਕਿਹਾ ਸੀ ਕਿ ਜਿਸ ਫੋਨ ਤੋਂ ਉਹ ਫੋਨ ਕਰੇ ਮੁੜ ਵਾਪਿਸ ਮੈਂ ਫੋਨ ਨਾ ਕਰਾ ਜਦ ਤੱਕ ਉਹ ਖੁਦ ਕਰਨ

ਲਈ ਨਾ ਕਹੇ। ਉਹ ਡਰਦੀ ਸੀ ਆਪਣੇ ਘਰ ਪਤਾ ਲੱਗ ਜਾਣ ਤੋਂ। ਜੋ ਉਸਦੀ ਸੋਚ ਅਨੁਸਾਰ ਬਿਲਕੁਲ ਠੀਕ ਵੀ ਸੀ। ਗੱਲਬਾਤ ਹੁੰਦੀ ਰਹਿੰਦੀ ਸੀ। ਫਿਰ ਇੱਕ ਦਿਨ ਉਸਨੇ ਫੋਨ ਕਰਕੇ ਦੱਸਿਆ ਕਿ ਉਹ ਨਾਨਕੇ ਰਹਿਣ ਆ ਰਹੀ ਹੈ। ਮੈਂ ਬਹੁਤ ਖੁਸ਼ ਹੋਇਆ। ਨਾਨਕੇ ਘਰ ਪਹੁੰਚਦੇ ਹੀ ਸ਼ਾਮ ਨੂੰ ਰੂਬਲ ਦੇ ਫੋਨ ਤੋਂ ਫੋਨ ਆ ਗਿਆ। ਰੂਬਲ ਦਾ ਨੰਬਰ ਮੇਰੇ ਫੋਨ ਵਿੱਚ ਰੱਖਿਅਤ ਸੀ। ਮੈਂ ਜਲਦੀ ਨਾਲ ਫੋਨ ਚੁੱਕਿਆ ਤੇ ਗੱਲਬਾਤ ਕਰਨ ਲੱਗੇ। ਦੋ-ਚਾਰ ਦਿਨ ਰੋਜ਼ ਤੇ ਹਰ ਵਕਤ ਗੱਲ ਹੁੰਦੀ ਰਹੀ। ਮੈਂ ਉਸ ਨੂੰ ਰਾਵੀ ਬਾਰੇ ਦੱਸਿਆ। ਪਰ ਮੇਰੇ ਤੋਂ ਪਹਿਲਾਂ ਹੀ ਉਸ ਨੂੰ ਰੂਬਲ ਨੇ ਰਾਵੀ ਬਾਰੇ ਦੱਸ ਦਿੱਤਾ ਸੀ। ਮੈਂ ਉਸਨੂੰ ਆਪਣੇ ਲਿਖਣ ਦੇ ਸ਼ੌਂਕ ਬਾਰੇ ਵੀ ਦੱਸਿਆ। ਫਿਰ ਉਸਦੇ ਕਹਿਣ ਤੇ ਮੈਂ ਕਾਫੀ ਸਾਰੇ ਸ਼ੇਅਰ ਉਸ ਲਈ ਵੀ ਲਿਖੇ।

ਇੱਕ ਰਾਤ ਉਸਦਾ ਫੋਨ ਆਇਆ ਤੇ ਉਸਨੇ ਦੱਸਿਆ ਕਿ ਪਰਸੋਂ ਉਹ ਆਪਣੇ ਪਿੰਡ ਵਾਪਿਸ ਜਾ ਰਹੀ ਏ ਤੇ ਮੈਨੂੰ ਮਿਲਣਾ ਚਾਹੁੰਦੀ ਏ। ਮਿਲਣ ਬਾਰੇ ਸੁਣਦੇ ਹੀ ਮੈਨੂੰ ਹੋਰ ਚਾਅ ਚੜ ਗਏ। ਇੱਕ ਕੁੜੀ ਆਪ ਮਿਲਣ ਬਾਰੇ ਮੈਨੂੰ ਬੁਲਾ ਰਹੀ ਸੀ। ਦਰਅਸਲ ਇਸ ਸਭ ਪਿੱਛੇ ਰੂਬਲ ਦਾ ਜਿਆਦਾ ਹੱਥ ਸੀ। ਰੂਬਲ ਦੇ ਕਾਰਨ ਹੀ ਸਾਡੀ ਗੱਲਬਾਤ ਹੋਈ ਸੀ ਅਸੀਂ ਇੱਕ-ਦੂਜੇ ਦੇ ਨੇੜੇ ਆਏ ਸੀ। ਮੇਰਾ ਸੁਭਾਅ ਥੋੜਾ ਮਜ਼ਾਕੀਆ ਸੀ। ਮੈਂ ਗੱਲ-ਗੱਲ ਤੇ ਹੱਸਣਾ। ਉਸਨੂੰ ਮਜ਼ਾਕ ਕਰਨੇ। ਉਸਨੇ ਖੁਸ਼ ਹੋਣਾ ਜਿਸ ਕਰਕੇ ਕਦੇ ਵੀ ਨਹੀਂ ਸੀ ਲੱਗਿਆ ਕਿ ਅਸੀਂ ਇੱਕ-ਦੂਜੇ ਨਾਲ ਕਿਸੇ ਮਜਬੂਰੀ ਜਾਂ ਜਬਰਦਸ਼ਤੀ ਗੱਲ ਕਰਦੇ ਹੋਈਏ। ਅਸੀਂ ਅਗਲੀ ਰਾਤ ਨੂੰ ਮਿਲਣ ਦੀ ਵਿਉਂਤ ਬਣਾਈ। ਅਗਲਾ

ਦਿਨ ਚੜ੍ਹਿਆ ਤਾਂ ਸਾਰੇ ਪਿੰਡ ਵਿੱਚ ਖਬਰ ਫੈਲ ਗਈ ਕਿ ਬਾਪੂ ਸੂਰਤਾ ਸਿੰਘ ਚੜਾਈ ਕਰ ਗਏ ਨੇ। ਉਮਰ ਬਹੁਤ ਸੀ ਉਹਨਾਂ ਦੀ। ਨੱਬੇ ਸਾਲ ਦੇ ਕਰੀਬ ਹੋਣਗੇ। ਪਰ ਉਹਨਾਂ ਦਾ ਵਿਆਹ ਨਹੀਂ ਸੀ ਹੋਇਆ। ਵਢੇਰੀ ਉਮਰ ਦੇ ਹੋਣ ਕਾਰਨ ਕਿਸੇ ਨੂੰ ਬਹੁਤਾ ਦੁੱਖ ਵੀ ਨਹੀਂ ਸੀ। ਪਰ ਮੈਨੂੰ ਲੱਗਾ ਇਹ ਮੇਰੇ ਅਕਾਸ਼ ਨੂੰ ਮਿਲਣ ਦੀ ਵਿਉਂਤ ਵਿੱਚ ਇੱਕ ਅਟਕਣ ਜਰੂਰ ਸੀ। ਕਿਉਂਕਿ ਜਿੱਧਰ ਅਸੀਂ ਮਿਲਣ ਦੀ ਵਿਉਂਤ ਬਣਾਈ ਸੀ ਓਧਰ ਸ਼ਮਸ਼ਾਨ ਘਾਟ ਸੀ। ਓਦਾਂ ਭਾਵੇਂ ਕੋਈ ਕਿੰਨਾ ਵੀ ਕਹੇ ਮੈਨੂੰ ਭੂਤਾਂ ਤੋਂ ਡਰ ਨਹੀਂ ਲੱਗਦਾ ਪਰ ਸਮਸ਼ਾਨ ਘਾਟ ਦੇ ਨੇੜੇ ਜਾਣ ਤੋਂ ਬਹੁਤੇ ਡਰਦੇ ਨੇ। ਖਾਸ ਕਰ ਉਸ ਵਕਤ ਦੀ ਮੇਰੀ ਉਮਰ ਦੇ। ਜਿੰਨਾਂ ਨੂੰ ਵਹਿਮਾਂ ਭਰਮਾਂ ਨੇ ਖਾਸਾ ਹੀ ਘੇਰਿਆ ਹੁੰਦਾ ਹੈ। ਉਸ ਵਕਤ ਇਹਨਾਂ ਚੀਜਾਂ ਬਾਰੇ ਕੋਈ ਬਹੁਤੀ ਸੋਝੀ ਵੀ ਨਹੀਂ ਸੀ। ਮੈਂ ਆਪਣੇ ਤਾਏ ਦੇ ਮੁੰਡੇ ਯਾਦਵਿੰਦਰ ਨੂੰ ਮਿਲਣ ਦੀ ਵਿਉਂਤ ਬਾਰੇ ਦੱਸਿਆ। ਉਹ ਮੇਰਾ ਹਮ ਉਮਰ ਹੈ। ਮੇਰੇ ਤੋਂ ਪੰਜ-ਛੇ ਮਹੀਨੇ ਛੋਟਾ ਹੋਵੇਗਾ। ਮੈਂ ਪਹਿਲਾਂ ਕਦੇ ਕਿਸੇ ਕੁੜੀ ਨੂੰ ਏਦਾਂ ਮਿਲਣ ਨਹੀਂ ਸੀ ਗਿਆ। ਇਸ ਕਰਕੇ ਮੈਂ ਯਾਦਵਿੰਦਰ ਨੂੰ ਨਾਲ ਲੈ ਗਿਆ। ਅਸੀਂ ਦੋ ਕੁਰਕਰਿਆਂ ਦੇ ਪੈਕਟ ਲਏ। ਸੋਚਿਆਂ ਕਿ ਗੱਲਾਂ ਬਾਤਾਂ ਕਰਾਂਗੇ ਤੇ ਕੁਰਕਰੇ ਖਾਵਾਂਗੇ। ਪਰ ਇਹ ਨਾਦਾਨੀਆਂ ਦੀ ਹੁਣ ਸਮਝ ਆਈ। ਪਰ ਉਸ ਵਕਤ ਇਹੀ ਨਾਦਾਨੀਆਂ ਰੋਮਾਂਚਕ ਲੱਗਦੀਆਂ ਸਨ।

ਰਾਤ ਦੇ ਸਾਢੇ ਕੁ ਅੱਠ ਵਜੇ ਦੇ ਕਰੀਬ ਰੂਬਲ ਦਾ ਫੋਨ ਆਇਆ ਤੇ ਜਲਦੀ ਆਉਣ ਲਈ ਕਿਹਾ। ਮੈਂ ਤੇ ਯਾਦਵਿੰਦਰ ਫੋਨ ਦੀ ਉਡੀਕ ਕਰ ਰਹੇ ਸੀ। ਜਿਉਂ ਹੀ ਫੋਨ ਆਇਆ ਅਸੀਂ ਮਿਲਣ ਵਾਲੀ ਤੈਅ ਕੀਤੀ ਜਗ੍ਹਾ ਵੱਲ ਨੂੰ

ਭੱਜੇ। ਅਸੀਂ ਦੋ ਮਿੰਟ ਵੀ ਨਾ ਲਾਏ ਪਹੁੰਚਣ 'ਚ। ਪਰ ਸਾਹੋ-ਸਾਹੀ ਹੋਏ ਪਏ ਸੀ। ਰਾਤ ਚਾਨਣੀ ਸੀ। ਦੂਰੋਂ ਤੁਰਿਆ ਆਉਂਦਾ ਬੰਦਾ ਵੀ ਨਜ਼ਰ ਆ ਜਾਂਦਾ ਸੀ। ਅਸੀਂ ਉਡੀਕ ਕਰ ਰਹੇ ਸੀ। ਮੇਰੀ ਨਜ਼ਰ ਅਕਾਸ਼ ਤੇ ਪਈ ਤੇ ਨਾਲ ਹੀ ਰੂਬਲ ਤੇ। ਅਜੇ ਉਹ ਦੂਰ ਹੀ ਸਨ ਕਿ ਉਹਨਾਂ ਦਾ ਕੁੱਤਾ ਵੀ ਨਜ਼ਰ ਆ ਗਿਆ। ਸਾਨੂੰ ਦੇਖਦਿਆਂ ਹੀ ਕੁੱਤਾ ਜ਼ੋਰ-ਜ਼ੋਰ ਨਾ ਭੌਂਕਣ ਲੱਗਾ। ਅਸੀਂ ਦੋਨੋਂ ਡਰ ਗਏ। ਕੁੱਤੇ ਨੂੰ ਦੇਖਦੇ ਸਾਰ ਹੀ ਯਾਦਵਿੰਦਰ ਭੱਜ ਕੇ ਨਹਿਰ ਵਾਲੀ ਪੁਲੀ ਤੇ ਚੜ ਗਿਆ। ਮੈਂ ਵੀ ਡਰ ਕੇ ਪਿਛਾਂਹ ਨੂੰ ਭੱਜਾ। ਕੁੱਤੇ ਤੋਂ ਕਿਸਨੂੰ ਡਰ ਨਹੀਂ ਲੱਗਦਾ। ਉਹ ਵੀ ਤਦ ਜਦ ਤੁਸੀਂ ਪਹਿਲਾਂ ਹੀ ਡਰੇ ਹੋਵੋ ਤੇ ਕਿਸੇ ਕੁੜੀ ਨੂੰ ਮਿਲਣ ਗਏ ਹੋਵੋ। ਮੈਨੂੰ ਪਿਛਾਂਹ ਨੂੰ ਜਾਂਦਿਆਂ ਦੇਖ ਰੂਬਲ ਨੇ ਆਵਾਜ ਮਾਰੀ। ਤੇ ਮੈਂ ਰੁਕ ਗਿਆ। ਬਹੁਤ ਹੀ ਹਾਸੇ ਵਾਲੇ ਪਲ ਸਨ ਉਹ। ਮੈਨੂੰ ਭੱਜਦਾ ਦੇਖ ਉਹ ਦੋਨੋਂ ਹੱਸ ਰਹੀਆਂ ਸੀ। ਉਹਨਾਂ ਕੁੱਤੇ ਦਾ ਭੌਂਕਣਾ ਬੰਦ ਕਰਾਇਆ ਤੇ ਕੁੱਤੇ ਨੂੰ ਲੈ ਪਿਛੇ ਹੀ ਰੁੱਕ ਗਈ। ਕੁੱਤੇ ਦੇ ਗਲ ਰੱਸੀ ਬੱਝੀ ਹੋਈ ਸੀ। ਜਿਸਨੂੰ ਰੂਬਲ ਨੇ ਫੜਿਆ ਹੋਇਆ ਸੀ। ਅਕਾਸ਼ ਮੇਰੇ ਕੋਲ ਆਈ ਤੇ ਬੋਲੀ..

ਅਕਾਸ਼ - ਕੀ ਗੱਲ ਏਨਾ ਡਰ ਲੱਗਦਾ ਕੁੱਤੇ ਤੋਂ?

ਮੈਂ - ਓ ਭਰਾਵਾ, ਮੇਰਾ ਲੱਤਾਂ ਪੜਵਾਉਣ ਨੂੰ ਨੀ ਜੀਅ ਕਰਦਾ।

ਅਕਾਸ਼ - ਉਸਨੇ ਕਿਹੜਾ ਸਿੱਧਾ ਤੁਹਾਡੀਆਂ ਲੱਤਾਂ ਫੜ ਲਈਆਂ!

ਮੈਂ - ਪਤਾ ਥੋੜਾ ਹੁੰਦਾ। ਬੰਦੇ ਦੀ ਕਦ ਮੌਤ ਆਈ ਹੋਵੇ।

ਉਹ ਦੋਨੋਂ ਜ਼ੋਰ-ਜ਼ੋਰ ਨਾਲ ਹੱਸਣ ਲੱਗੀਆਂ। ਫਿਰ ਰੂਬਲ ਪਿੱਛੇ ਖੜੀ ਬੋਲੀ..

ਰੂਬਲ - ਉਦਾਂ ਤੇ ਬੜੇ ਬਹਾਦਰ ਬਣਦੇ ਓ। ਕੁੱਤੇ ਦੇ ਭੌਂਕਣ ਤੇ ਹੀ ਭੱਜ ਗਏ।

ਮੈਂ - ਏਦਾਂ ਦੀ ਗੱਲ ਨੀ ਆ ਕੋਈ। ਬਹਾਦਰ ਤਾਂ ਬਹੁਤ ਆ। ਪਰ ਤੁਹਾਨੂੰ ਮਿਲਣ ਆਇਆ ਵਾਂ। ਜੇ ਕਿਸੇ ਨੇ ਕੁੱਤੇ ਦਾ ਭੌਂਕਣਾ ਸੁਣ ਲਿਆ ਤਾਂ। ਤੁਸੀਂ ਤਾਂ ਮੁੱਕਰ ਜਾਣਾ। ਸਾਡੀ ਬਹੁਤ ਘਸੀਟੋ-ਘਸੀਟ ਹੋਣੀ।

ਉਹ ਫਿਰ ਤੋਂ ਹੱਸਣ ਲੱਗੀਆਂ। ਫਿਰ ਰੂਬਲ ਬੋਲੀ..

ਰੂਬਲ - ਫਿਕਰ ਨਾ ਕਰੋ। ਕੁਝ ਨੀ ਕਹਿੰਦਾ ਇਹ।

ਮੈਂ - ਪਹਿਲਾਂ ਤੁਸੀਂ ਦੱਸੋ। ਇਹਨੂੰ ਨਾਲ ਲਿਆਉਣਾ ਜਰੂਰੀ ਸੀ। ਏਨੇ ਤੁਹਾਨੂੰ ਬੰਦੇ ਪੈਣ ਲੱਗੇ ਸੀ।

ਅਕਾਸ਼ - ਬੰਦਿਆਂ ਦੀ ਗੱਲ ਨੀ ਆ। ਅਸੀਂ ਰੋਟੀ ਖਾ ਘਰੋਂ ਸੈਰ ਦਾ ਬਹਾਨਾ ਲਾ ਨਿਕਲਣ ਲੱਗੇ ਤਾਂ ਮਾਮਾ ਜੀ ਕਹਿੰਦੇ ਕੁੱਤੇ ਨੂੰ ਵੀ ਸੈਰ ਕਰਵਾ ਲਿਆਉ। ਫਿਰ ਅਸੀਂ ਨਾਂਹ ਕਿੱਦਾਂ ਕਰਦੇ?

ਮੈਂ - ਉੱਤੋਂ ਪਹਿਲਾਂ ਹੀ ਮੜੀਆਂ ਨੇ ਨੇੜੇ। ਅੱਜ ਹੀ ਇੱਕ ਬੰਦਾ ਮਰਿਆ। ਡਰ ਨਾਲ ਸਾਹ ਸੁੱਕੇ ਪਏ ਸੀ। ਉੱਤੋਂ ਤੁਸੀਂ ਹੋਰ ਡਰਾ ਤਾ।

ਰੂਬਲ - ਚੱਲ ਮੁਆਫ ਕਰ ਦੇ। ਮੈਂ ਕੁੱਤੇ ਨੂੰ ਸੈਰ ਕਰਾਉਂਦੀ ਆ।

ਮੈਂ - ਚੱਲ ਜਾ ਫਿਰ ਤੂੰ ਤੁਰਾ-ਫਿਰਾ ਆਪਣੇ ਕੁੱਤੇ ਨੂੰ। ਹੁਣ ਹੋਰ ਰੰਗ 'ਚ ਭੰਗ ਨਾ ਪਾ।

ਅਕਾਸ਼ ਬਹੁਤਾ ਨਹੀਂ ਸੀ ਬੋਲਦੀ। ਰੂਬਲ ਬਹੁਤ ਤੇਜ਼ ਕੁੜੀ ਸੀ। ਖੁੱਲੇ ਸੁਭਾਅ ਦੀ। ਉਹ ਬੋਲੀ..

ਰੂਬਲ - ਨਾਲ ਆਇਆ ਕੋਈ ਕਿ ਇਕੱਲੇ ਹੋ?

ਮੈਂ - ਹਾਂ ਯਾਦਵਿੰਦਰ। ਓ ਦੇਖ ਵਿਚਾਰਾ ਤੁਹਾਡੇ ਕੁੱਤੇ ਤੋਂ ਡਰਦਾ ਕਿੱਥੇ ਖਲੋਤਾ ਜਾ ਕੇ।

ਦੋਨੋਂ ਉਸਨੂੰ ਦੇਖਣ ਲੱਗੀਆਂ ਤੇ ਫਿਰ ਹੱਸੀਆਂ। ਫਿਰ ਰੂਬਲ ਬੋਲੀ..

ਰੂਬਲ - ਚੱਲ ਫਿਰ ਮੈਂ ਘੁੰਮ ਫਿਰ ਲਵਾਂ। ਤੁਸੀਂ ਕਰੋ ਜੋ ਕਰਨਾ।

ਅਕਾਸ਼ ਮੁਸਕਰਾਈ ਤੇ ਕੁਝ ਨਾ ਬੋਲੀ। ਮੈਂ ਫਿਰ ਬੋਲਿਆ..

ਮੈਂ - ਹੁਣ ਜਾਵੇਂਗੀ ਵੀ ਕਿ ਭਾਸ਼ਣ ਦਈ ਜਾਣਾ ਤੂੰ। ਜਾ ਯਾਦਵਿੰਦਰ ਕੱਲਾ ਵਾ। ਚਲੀ ਜਾ ਉਸ ਕੋਲ।

ਰੂਬਲ - ਨਹੀਂ। ਮੈਂ ਨੀ ਜਾਂਦੀ।

ਮੈਂ - ਜਾ ਫਿਰ ਸਾਡੇ ਕੋਲੋਂ ਤਾਂ ਚਲੀ ਜਾ।

ਰੂਬਲ - ਚੱਲੀ ਆ ਭਰਾਵਾ।

ਉਹ ਸੈਰ ਕਰਨ ਲੱਗ ਪਈ। ਮੈਂ ਤੇ ਅਕਾਸ਼ ਆਪਸ ਵਿੱਚ ਗੱਲਾਂ ਕਰਨ ਲੱਗੇ। ਅਸੀਂ ਕੁਝ ਕੁ ਗੱਲਾਂ ਕੀਤੀਆਂ ਕਿ ਰੂਬਲ ਫਿਰ ਆ ਗਈ। ਤੇ ਬੋਲੀ..

ਰੂਬਲ - ਤੁਹਾਡੀਆਂ ਗੱਲਾਂ ਨੀ ਮੁੱਕਣੀਆਂ। ਘਰੋਂ ਫੋਨ ਆਉਣ ਡਿਆ ਵਾ।

ਮੈਂ - ਤੂੰ ਨਾ ਟਲੀ ਮਾਂ ਦੀ ਧੀਏ। ਗੱਲ ਅਜੇ ਕੋਈ ਸ਼ੁਰੂ ਵੀ ਨੀ ਕੀਤੀ ਤੂੰ ਪਹਿਲਾਂ ਘਰੇ ਜਾਣ ਦਾ ਸੁਨੇਹਾ ਦਈ ਚੱਲ।

ਰੂਬਲ - ਕੋਈ ਨੀ ਗੱਲਾਂ ਤਾਂ ਫੋਨ ਤੇ ਵੀ ਹੋ ਜਾਂਦੀਆਂ ਨੇ। ਕੋਈ ਕਾਰਵਾਹੀ ਪਾ ਲਉ ਜੇ ਪਾਉਣੀ ਤਾਂ।

ਮੈਂ - ਮੈਨੂੰ ਨੀ ਲੱਗਦਾ ਤੂੰ ਅੱਜ ਕੁਝ ਹੋਣ ਦੇਵੇਂਗੀ।

ਰੂਬਲ - ਭਰਾਵਾ ਜੋ ਕਰਨਾ ਛੇਤੀ ਕਰੋ। ਤੁਹਾਡੇ ਚੱਕਰਾਂ 'ਚ ਮੈਨੂੰ ਵੀ ਛਿੱਤਰ ਪੈ ਜਾਣੇ ਆ।

ਇਹ ਆਖ ਉਹ ਮਜ਼ਾਕ ਕਰਦੀ ਫਿਰ ਤੋਂ ਦੂਰ ਚਲੀ ਗਈ। ਮੈਂ ਅਕਾਸ਼ ਦਾ ਹੱਥ ਫੜਿਆ। ਤੇ ਲਬ ਮਿਲਾਉਣ ਲੱਗਾ। ਕਿ ਕਿਸੇ ਮੋਟਰਸਾਇਕਲ ਦੀ ਬੱਤੀ ਦੂਰੋਂ ਸਾਡੇ ਤੇ ਵੱਜੀ। ਅਸੀਂ ਉਸ ਵੱਲ ਦੇਖਣ ਲੱਗੇ। ਉਹ ਸਾਡੇ ਵੱਲ ਹੀ ਆ ਰਿਹਾ ਸੀ। ਇਸ ਤੋਂ ਪਹਿਲਾਂ ਕਿ ਉਹ ਸਾਡੇ ਕੋਲ ਆਉਂਦਾ। ਮੈਂ ਅਕਾਸ਼ ਨੂੰ ਰੂਬਲ ਵੱਲ ਜਾਣ ਨੂੰ ਕਿਹਾ। ਉਹ ਰੂਬਲ ਵੱਲ ਚਲੀ ਗਈ ਤੇ ਮੈਂ ਭੱਜ ਕੇ ਯਾਦਵਿੰਦਰ ਕੋਲ ਪਹੁੰਚ ਗਿਆ। ਉਹ ਦੋਨੋਂ ਆਪਣੇ ਘਰ ਵੱਲ ਨੂੰ ਤੁਰ ਪਈਆਂ। ਮੋਟਰਸਾਇਕਲ ਸਾਡੇ ਕੋਲੋਂ ਦੀ ਛੂ ਕਰਕੇ ਅੱਗੇ ਲੰਘ ਗਿਆ। ਉਹ

ਦੋਨੋਂ ਕਾਫੀ ਦੂਰ ਜਾ ਚੁਕੀਆਂ ਸਨ ਇਸ ਲਈ ਮੈਂ ਪਿੱਛੋਂ ਆਵਾਜ ਨਾ ਮਾਰੀ ਤੇ ਨਾ ਹੀ ਉਹਨਾਂ ਮੁੜ ਕੇ ਦੇਖਿਆ। ਜਦ ਤੱਕ ਉਹ ਨਜ਼ਰ ਆਉਣੀਆਂ ਬੰਦ ਨਾ ਹੋਈਆ। ਅਸੀਂ ਉੱਥੇ ਖੜੇ ਰਹੇ। ਫਿਰ ਕੁਝ ਦੇਰ ਪਿੱਛੋਂ ਰੂਬਲ ਦਾ ਫੋਨ ਆਇਆ ਤੇ ਉਸਨੇ ਦੱਸਿਆ ਕਿ ਉਹ ਘਰ ਪਹੁੰਚ ਗਈਆਂ ਨੇ। ਫਿਰ ਮੈਂ ਤੇ ਯਾਦਵਿੰਦਰ ਵੀ ਕੁਰਕਰੇ ਖਾਂਦੇ ਇੱਕ-ਦੂਜੇ ਦਾ ਮਜ਼ਾਕ ਉਡਾਉਂਦੇ ਘਰ ਨੂੰ ਵਾਪਿਸ ਆ ਗਏ। ਕੁਝ ਦੇਰ ਪਿੱਛੋਂ ਅਕਾਸ਼ ਦਾ ਫੋਨ ਆਇਆ। ਅਸੀਂ ਹਾਸਾ ਮਜ਼ਾਕ ਕੀਤਾ, ਕੁਝ ਗੱਲਾਂ ਕੀਤੀਆਂ ਤੇ ਫਿਰ ਫੋਨ ਬੰਦ ਕਰ ਦਿੱਤਾ। ਉਸ ਤੋਂ ਅਗਲੇ ਦਿਨ ਅਕਾਸ਼ ਆਪਣੇ ਪਿੰਡ ਵਾਪਿਸ ਚਲੀ ਗਈ।

ਆਪਣੇ ਪਿੰਡ ਪਹੁੰਚਣ ਤੋਂ ਕਰੀਬ ਤਿੰਨ ਦਿਨ ਪਿੱਛੋਂ ਉਸਨੇ ਫੋਨ ਕੀਤਾ। ਉਸਦਾ ਸਾਡੇ ਪਿੰਡ ਆਉਣਾ ਘੱਟ ਗਿਆ। ਕਦੇ-ਕਦੇ ਗੱਲ ਹੋ ਜਾਂਦੀ ਸੀ ਕਦੇ ਨਹੀਂ। ਉਸ ਤੋਂ ਪਿੱਛੋਂ ਉਹ ਇੱਕ-ਦੋ ਵਾਰ ਸਾਡੇ ਪਿੰਡ ਆਈ। ਪਰ ਮਿਲ ਨਾ ਹੋਇਆ। ਮੈਂ ਕਾਲਜ ਵਿੱਚ ਵਿਅਸਤ ਸੀ। ਤੇ ਉਸ ਕੋਲ ਵੀ ਘੱਟ ਸਮਾਂ ਹੁੰਦਾ ਸੀ। ਥੋੜੇ ਸਮੇਂ ਵਿੱਚ ਮਿਲਣ ਦੀਆਂ ਵਿਉਂਤਾਂ ਘੜਣੀਆਂ ਠੀਕ ਨਹੀਂ ਸੀ। ਇਸ ਲਈ ਦੁਬਾਰਾ ਕਦੇ ਮੇਲ ਨਾ ਹੋਇਆ। ਦਿਨ ਬੀਤਣ ਲੱਗੇ ਤੇ ਉਸ ਨਾਲ ਗੱਲਬਾਤ ਬਿਲਕੁਲ ਹੀ ਬੰਦ ਹੋ ਗਈ। ਫਿਰ ਕੁਝ ਦੇਰ ਪਿੱਛੋਂ ਉਸਦਾ ਫੋਨ ਆਇਆ ਤੇ ਉਸਨੇ ਦੱਸਿਆ ਕਿ ਉਸਦਾ ਰਿਸ਼ਤਾ ਹੋ ਗਿਆ ਹੈ। ਮੁੰਡਾ ਫੌਜੀ ਸੀ। ਕੁਝ ਦਿਨਾਂ ਬਾਅਦ ਵਿਆਹ ਹੈ। ਮੈਨੂੰ ਖਾਸ ਫਰਕ ਨਾ ਪਿਆ। ਉਸਦਾ ਮੈਨੂੰ ਪਤਾ ਨਹੀਂ, ਕਿਉਂਕਿ ਸਾਡੇ ਇਸ ਡੇਢ ਸਾਲ ਦੇ ਰਿਸ਼ਤੇ ਵਿੱਚ ਨਾ ਕਦੇ ਮੈਂ ਪਿਆਰ ਦੇ ਲੱਲੇ-ਪੱਪੇ ਕੀਤੇ ਸਨ ਤੇ ਨਾ ਹੀ ਉਸਨੇ। ਹਾਂ ਇੱਕ ਦੂਜੇ ਦੇ ਤਰਫ਼

ਖਿੱਚ ਜਰੂਰ ਸੀ। ਅਸੀਂ ਕਰੀਬ ਅੱਧਾ ਘੰਟਾ ਗੱਲ ਕੀਤੀ। ਉਸਨੇ ਕਿਹਾ ਕਿ ਉਹ ਆਖਰੀ ਵਾਰ ਫੋਨ ਕਰ ਰਹੀ ਹੈ। ਇਸ ਤੋਂ ਬਾਅਦ ਕਦੇ ਨਹੀਂ ਕਰੇਗੀ। ਉਸਨੇ ਮੈਨੂੰ ਕਦੇ ਵਿਆਹ ਕਰਾਉਣ ਬਾਰੇ ਨਾ ਕਿਹਾ ਸੀ ਨਾ ਪੁੱਛਿਆ ਤੇ ਨਾ ਹੀ ਮੈਂ। ਅਸੀਂ ਇੱਕ ਰਿਸ਼ਤੇ ਵਿੱਚ ਹੁੰਦੇ ਵੀ ਚੰਗੇ ਦੋਸਤ ਜਰੂਰ ਸੀ। ਕਿਉਂਕਿ ਅਸੀਂ ਜਾਣਦੇ ਸੀ ਕਿ ਸਾਡਾ ਵਿਆਹ ਹੋਣਾ ਅਸੰਭਵ ਹੈ। ਕਿਉਂਕਿ ਵਿਆਹ ਕਰਾਉਣ ਲਈ ਉਸਨੂੰ ਆਪਣੇ ਘਰ ਦੱਸਣਾ ਪੈਣਾ ਸੀ ਜੋ ਉਹ ਕਦੇ ਨਹੀਂ ਸੀ ਕਰ ਸਕਦੀ ਤੇ ਮੈਂ ਰਿਸ਼ਤਾ ਨਹੀਂ ਸੀ ਭੇਜ ਸਕਦਾ ਕਿਉਂਕਿ ਸਮਾਜ ਦੀਆਂ ਬਣਾਈਆਂ ਜਾਤਾਂ ਦਾ ਰੱਟਾ ਸੀ। ਉਹ ਆਪ ਘਰ ਗੱਲ ਕਰਦੀ ਤਾਂ ਗੱਲ ਅੱਗੇ ਵਧਦੀ। ਪਰ ਗੱਲ ਠੱਪ ਹੋ ਗਈ। ਨਾ ਮੈਨੂੰ ਇਸ ਗੱਲ ਲਈ ਅਫਸੋਸ ਸੀ ਤੇ ਨਾ ਹੀ ਉਸਨੂੰ। ਖੈਰ ਅਸੀਂ ਸੋਹਣੇ ਬੀਤੇ ਪਲਾਂ ਨੂੰ ਯਾਦ ਦੀ ਤਰ੍ਹਾਂ ਸੰਭਾਲ ਲਿਆ ਤੇ ਆਪੋ-ਆਪਣੀ ਜਿੰਦਗੀ ਵਿੱਚ ਅੱਗੇ ਵਧ ਗਏ। ਉਸ ਤੋਂ ਪਿੱਛੋਂ ਕਦੇ ਵੀ ਉਸ ਨਾਲ ਗੱਲਬਾਤ ਨਹੀਂ ਹੋਈ।

ਮੈਂ ਮੇਰਾ ਧਿਆਨ ਆਪਣੀ ਕਾਲਜੀ ਪੜਾਈ ਦੇ ਨਾਲ ਹੋਰ ਸਾਹਿਤ ਪੜਨ ਵਿੱਚ ਲਾ ਲਿਆ। ਮੈਂ ਹਰ ਤਰ੍ਹਾਂ ਦੀ ਕਿਤਾਬ ਪੜਨ ਲੱਗਾ। ਜਿਸ ਕਾਰਨ ਮੇਰੇ ਵਿਚਾਰ ਬਦਲ ਗਏ ਤੇ ਆਸ਼ਕੀ ਤੇ ਦਿਲ ਟੁੱਟ ਵਾਲੀ ਸ਼ਾਇਰੀ ਨੇ ਇਨਸਾਨੀਅਤ ਨੂੰ ਸੇਧ ਦੇਣ ਵਾਲੀਆਂ ਲਿਖਤਾਂ ਵੱਲ ਰੁੱਖ ਕਰ ਲਿਆ। ਰਾਵੀ ਮੇਰਾ ਪਹਿਲਾ ਪਿਆਰ ਜਰੂਰ ਸੀ। ਪਰ ਅਕਾਸ਼ ਦੇ ਜਿੰਦਗੀ ਵਿੱਚ ਆਉਣ ਦੇ ਇਸ ਛੋਟੇ ਜਿਹੇ ਸਮੇਂ ਕਾਰਨ ਮੇਰੀ ਜਿੰਦਗੀ ਵਿੱਚ ਬਦਲਾਵ ਜਰੂਰ ਆਇਆ। ਉਸ ਨਾਲ ਪਿਆਰ ਸੀ ਜਾਂ ਨਹੀਂ ਮੈਂ ਨਹੀਂ ਜਾਣਦਾ ਪਰ ਰਾਵੀ ਦੇ

ਵਿਆਹ ਪਿੱਛੋਂ ਉਹ ਮੇਰੇ ਟੁੱਟੇ ਦਿਲ ਦਾ ਦਿਲਾਸਾ ਜਰੂਰ ਸਾਬਤ ਹੋਈ। ਮੈਂ ਉਮਰ ਭਰ ਉਸਦਾ ਇਸ ਲਈ ਦੇਣਹਾਰ ਰਹਾਂਗਾ।

ਅਕਸਰ ਜਿੰਦਗੀ ਵਿੱਚ ਕੁਝ ਇਨਸਾਨਾਂ ਦੇ ਆਉਣ-ਜਾਣ ਨਾਲ ਬੜਾ ਡੂੰਘਾ ਅਸਰ ਪੈਂਦਾ ਹੈ। ਕਿਉਂਕਿ ਅਸੀਂ ਕਿਸੇ ਨਾ ਕਿਸੇ ਪੱਖੋਂ ਮਨ ਤੋਂ ਉਹਨਾਂ ਨਾਲ ਰਿਸ਼ਤਾ ਬਣਾ ਲਿਆ ਹੁੰਦਾ ਹੈ। ਰਾਵੀ ਦੇ ਜਿੰਦਗੀ ਵਿੱਚੋਂ ਸਦਾ ਲਈ ਚਲੇ ਜਾਣਾ, ਦਿਲ ਨੂੰ ਸਭ ਤੋਂ ਵੱਢੀ ਠੇਸ ਲੱਗਣਾ ਤੇ ਮੇਰੀ ਸ਼ਾਇਰੀ ਤੇ ਲਿਖਣ ਦਾ ਹੁਨਰ ਦਾ ਉਤਪੰਨ ਹੋਣਾ ਸੀ। ਅਕਾਸ਼ ਦੇ ਜਿੰਦਗੀ ਵਿੱਚ ਆਉਣ ਨਾਲ ਟੁੱਟੇ ਦਿਲ ਨੂੰ ਸੰਭਾਲਣ ਦਾ ਮੌਕਾ ਮਿਲ ਗਿਆ। ਆਪਾਂ ਇਹ ਜਰੂਰ ਕਹਿੰਦੇ ਹਾਂ ਕਿ ਸਾਨੂੰ ਕਿਸੇ ਦਾ ਸਾਡੀ ਜਿੰਦਗੀ ਵਿੱਚ ਆਉਣ-ਜਾਣ ਦਾ ਕੋਈ ਫਰਕ ਨਹੀਂ ਪੈਂਦਾ। ਪਰ ਅਸੀਂ ਜਾਣਦੇ ਹਾਂ ਕਿ ਇਹ ਕਿੰਨੇ ਕੁ ਪ੍ਰਤੀਸ਼ਤ ਗੱਲ ਸੱਚ ਹੈ। ਭਾਵੇਂ ਕੋਈ ਕੁਝ ਪਲਾਂ ਲਈ ਜਿੰਦਗੀ ਵਿੱਚ ਆਵੇ ਜਾਂ ਉਮਰ ਭਰ ਲਈ। ਉਸਦਾ ਸਾਡੇ ਨਾਲ ਹੋਣਾ ਸਾਡੀ ਜਿੰਦਗੀ ਨੂੰ ਪ੍ਰਭਾਵਿਤ ਜਰੂਰ ਕਰਦਾ ਹੈ।

ਇਹ ਕਹਾਣੀ ਮੇਰੀਆਂ ਪਹਿਲੀਆਂ ਕਹਾਣੀਆਂ ਦੀ ਤਰ੍ਹਾਂ ਕਾਲਪਨਿਕ ਨਹੀਂ ਹੈ। ਇਹ ਮੇਰੀ ਖੁਦ ਦੀ ਹੱਡ ਬੀਤੀ ਹੈ। ਇਸ ਵਿੱਚਲੇ ਪਾਤਰ ਤਾਂ ਬਿਲਕੁਲ ਅਸਲੀ ਹਨ ਪਰ ਉਹਨਾਂ ਦੇ ਨਾਮ ਬਦਲ ਦਿੱਤੇ ਗਏ ਨੇ। ਤਾਂ ਜੋ ਮੇਰੀ ਇਸ ਲਿਖਤ ਕਾਰਨ ਉਹਨਾਂ ਦੀ ਜਿੰਦਗੀ ਤੇ ਪ੍ਰਭਾਵ ਨਾ ਪਵੇ। ਬਾਕੀ ਰਹੀ ਗੱਲ ਮੇਰੇ ਵਾਲੇ ਜੋਤਸ਼ੀ ਦੀ ਉਹ ਮੈਂ ਨਹੀਂ ਜਾਣਦਾ ਸੱਚ ਹੈ ਜਾਂ ਨਹੀਂ ਪਰ ਉਸ ਵਕਤ ਦੀ ਗੱਲ ਨੇ ਅੱਜ ਤੱਕ ਦਿਲ ਵਿੱਚ ਕਿਤੇ ਨਾ ਕਿਤੇ ਘਰ ਕੀਤਾ ਹੋਇਆ ਹੈ। ਉਸਦੇ ਅੱਖਰਾਂ ਵਿੱਚ ਅੱਜ ਵੀ ਸਹੀ ਸਾਥ ਦੀ ਤਾਂਘ ਹੈ।

ਖੈਰ ਮੈਂ ਨਹੀਂ ਜਾਣਦਾ ਕਿਸੇ ਕੋਲ ਭਵਿੱਖ ਵੇਖਣ ਦੀ ਤਾਕਤ ਹੈ ਜਾਂ ਨਹੀਂ ਕਿਉਂਕਿ ਕੁਝ ਵੀ ਤੈਅ ਨਹੀਂ ਹੈ। ਪਰ ਰੱਬ ਦੀ ਨਜ਼ਰ ਤੋਂ ਦੇਖੋ ਤਾਂ ਸਭ ਪਹਿਲਾਂ ਹੀ ਤੈਅ ਹੈ। ਕੁਝ ਥੋੜੇ ਜਿਹੇ ਖੁਸ਼ਨਸੀਬ ਪਲਾਂ ਨੇ ਮੇਰੀ ਜਿੰਦਗੀ ਦਾ ਰੁੱਖ ਬਦਲਿਆ ਹੈ। ਦੇਖਦੇ ਹਾਂ ਕਦ ਸੱਜਣਾਂ ਜਾਂ ਸਹੀ ਸਾਥ ਦੀ ਤਾਂਘ ਖਤਮ ਹੁੰਦੀ ਹੈ। ਜਾਂ ਫਿਰ ਉਸ ਤੋਂ ਪਹਿਲਾਂ ਸਾਹ ਖਤਮ ਹੁੰਦੇ ਨੇ। ਧੰਨਵਾਦ।


**ਪ੍ਰੀਤ ਸਿੰਘ ਭੈਣੀ**

**+91 9779324826**


(ਇਸ ਕਹਾਣੀ ਤੇ ਆਪਣੇ ਵਿਚਾਰ ਪੇਸ਼ ਕਰਨ ਲਈ ਜਾਂ ਮੇਰੀਆਂ ਹੋਰ ਰਚਨਾਵਾਂ ਪੜਨ ਲਈ ਆਪ ਫੋਨ ਜਾਂ ਵੱਟਸਐੱਪ ਕਰ ਸਕਦੇ ਹੋ। ਹੇਠਾਂ ਮੇਰੀਆਂ ਕੁਝ ਰਚਨਾਵਾਂ ਦੀ ਸੂਚੀ ਹੈ।)



**ਕਹਾਣੀਆਂ:-**

1. ਉੱਲੂ
2. ਖ਼ੂਨੀ ਕਮੀਜ਼ (ਭਾਗ ਤਿੰਨ)
3. ਨੀਲਮ
4. ਪ੍ਰੇਮ ਵਿਆਹ
5. ਬਲਬ (ਭਾਗ ਤਿੰਨ)
6. ਰੂਹੀ ਪੀੜਾ (ਭਾਗ ਦੋ)
7. ਅੰਤਿਮ ਸ੍ਰੇਣੀ
8. ਰੱਖੜੀ
9. ਇੱਕ ਤਰਫ਼ਾ ਪਿਆਰ
10. ਜਨਮਦਿਨ
11. ਸਾਂਵਲੀ ਕੁੜੀ
12. ਮੁੱਲ 12 ਹਜਾਰ(ਭਾਗ ਤਿੰਨ)
13. ਕਾਲਾ ਗੁਲਾਬ
14. ਮੁਖਤਿਆਰ ਕੌਰ
15. ਚੰਦਨ ਕਾ ਬਿਰਵਾ
16. ਦੂਧੀਆ ਸਰੀਰ ਕਾਲੀਆਂ ਝਰੀਟਾਂ

Instagram
@preet_di_shayari

E-mail
preetdishayari@gmail.com

**ਕਿਤਾਬਾਂ:-**

1. ਅੱਲਾ ਮੈਨੂੰ ਮਿਲਣ ਨਹੀਂ ਆਉਂਦਾ (**ਲੇਖਕ- ਪ੍ਰੀਤ, ਗਗਨ, ਸੁਮਨ**)
2. ਰੱਬ ਤੋਂ ਪਹਿਲਾਂ (**ਲੇਖਕ- ਦੀਪ ਗਗਨ**)

**Read More books**
**of**
**Preet Singh Bhaini**
**at**
**www.PunjabiLibrary.com**